ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com

ਜਿਲਦ-25 ਨੰਬਰ-11

15 ਤੋਂ 21 ਵਸਾਖ 2074 - 27 April to 3 May 2017 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 202

## ਨਾਮ ਦਾਨ ਮੰਗਣਾ



ਗੁਰੂ ਸਾਹਿਬਾ ਅਗੇ ਗਲ ਮੈ ਪਲਾ ਪਾ ਕੇ ਹਥ ਜੋੜਕੇ ਗੁਰੂ ਸਾਹਿਬਾ ਤੇ ਗੁਰਮਤ ਸਿਦਕ ਭਰੋਸਾ ਨਾਮ ਦਾਨ ਮੰਗਣਾ ਬੇਨਤੀ ਕਰਕੇ ।

# ਸ਼ਹੀਦ ਬਿਸ਼ਨ ਸਿੰਘ ਦੀ ਲਾਸਾਨੀ ਸ਼ਹਾਦਤ

✍ ਹਰਵਿੰਦਰ ਸਿੰਘ ਹੰਸਪਾਲ




**ਮਲੇਰਕੋਟਲੇ ਦੇ ਸਾਕੇ ਸਮੇਂ ਸ਼ਹੀਦ ਬਿਸ਼ਨ ਸਿੰਘ ਮਿ. ਕਾਵਨ ਦੀ ਦਾੜ੍ਹੀ ਨੂੰ ਝੰਜੋੜਦਾ ਹੋਇਆ ।**

ਸ਼ਹੀਦ ਬਿਸ਼ਨ ਸਿੰਘ ਉਸ ਲਹਿਰ ਦਾ ਅਮਰ ਪਾਤਰ ਹੈ ਜਿਸਨੇ 1857 ਈ. ਦੀ ਬਗਾਵਤ ਤੋਂ 28 ਦਿਨ ਪਹਿਲਾਂ ਪੰਜਾਬ ਵਿੱਚ ਸੁਤੰਤਰਤਾ ਸੰਗਰਾਮ ਦਾ ਝੰਡਾ ਗੱਡਿਆ। ਇਸੇ ਲਹਿਰ ਦਾ ਨਾਂ ਕੂਕਾ ਲਹਿਰ ਹੈ। ਸਤਿਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾਂ ਦੀ ਇਸ ਲਹਿਰ ਦੀ ਰਹਿਨੁਮਾਈ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ। ਕੂਕਿਆਂ ਨੂੰ ਨਾਮਧਾਰੀ ਸਿੱਖ ਜਾਂ ਸੰਤ ਖ਼ਾਲਸਾ ਵੀ ਕਿਹਾ ਜਾਂਦਾ ਹੈ। ਆਜ਼ਾਦੀ ਦੀ ਕੂਕ ਮਾਰਨ ਕਰਕੇ ਹੀ ਕੂਕੇ ਸਿੱਖ ਕਹਾਏ ਜਾਂਦੇ ਹਨ।

**ਸ਼ਹੀਦ ਬਿਸ਼ਨ ਸਿੰਘ ਦਾ ਪਰਵਾਰ**

ਸ਼ਹੀਦ ਬਿਸ਼ਨ ਸਿੰਘ ਦੇ ਵੱਡੇ ਵਡੇਰੇ ਸਤਿਗੁਰੂ ਰਾਮ ਸਿੰਘ ਦੀ ਬਾਣੀ ਦੇ ਬਾਣ ਦੇ ਵਿੰਨ੍ਹੇ ਹੋਏ ਨਾਮਧਾਰੀ ਬਣ ਗਏ ਸਨ। ਉਹ ਨਾਮਬਾਣੀ ਦੇ ਅਭਿਆਸੀ ਤੇ ਸੁੱਚ ਸੋਧ ਦੇ ਧਾਰਨੀ ਸਨ। ਉਹ ਪੱਕੇ ਸ਼ਾਕਾਹਾਰੀ ਤੇ ਨਸ਼ਿਆਂ ਦੇ ਤਿਆਗੀ ਸਨ। ਨਾਮਧਾਰੀ ਸਿੱਖਾਂ ਬਾਰੇ ਅੰਗਰੇਜ਼ ਹਾਕਮਾਂ ਨੇ ਲਿਖਿਆ ਹੈ:

**-ਕੂਕਾ ਝੂਠ ਨਹੀਂ ਬੋਲਦਾ।**
**-ਕੂਕਾ ਸ਼ਰਾਬ ਨਹੀਂ ਪੀਂਦਾ।**
**-ਕੂਕਾ ਗੁਰੂ ਗੋਬਿੰਦ ਸਿੰਘ ਦਾ ਕੱਟੜ ਸਿੱਖ ਹੈ।**
**-ਕੂਕਾ ਅੰਗਰੇਜ਼ ਦਾ ਵਫਾਦਾਰ ਨਹੀਂ ਹੋ ਸਕਦਾ।**

ਸ਼ਹੀਦੀ ਪ੍ਰਾਪਤ ਕਰਨ ਵੇਲੇ ਸ਼ਹੀਦ ਬਿਸ਼ਨ ਸਿੰਘ 12 ਕੁ ਸਾਲ ਦਾ ਸੀ। ਸੋ ਉਸਦਾ ਜਨਮ ਸੰਤ ਮਹਾਂ ਸਿੰਘ ਘਰ ਬੀਬੀ ਖੇਮ ਕੌਰ ਕੁੱਖੋਂ 1859 ਈ. ਦਾ ਹੈ।

ਸ਼ਹੀਦ ਬਿਸ਼ਨ ਸਿੰਘ ਦਾ ਇੱਕ ਵੱਡਾ ਭਰਾ ਸੀ, ਸੱਦਾ ਸਿੰਘ, ਉਸਨੂੰ ਵੀ ਮਲੇਰਕੋਟਲੇ ਤੋਪ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ ਸੀ। ਉਹਨਾਂ ਦੇ ਪਿਤਾ ਸੰਤ ਮਹਾਂ ਸਿੰਘ ਪਿੰਡ ਰੜ ਰਿਆਸਤ ਪਟਿਆਲਾ ਵਿੱਚ ਹੀ ਆਪਣਾ ਜੱਦੀ ਪੁਸ਼ਤੀ ਲੁਹਾਰਾ - ਤਰਖਾਣਾ ਕੰਮ ਕਰਦੇ ਸਨ। ਪਿੰਡ ਦੇ ਲੋਕ ਉਹਨਾਂ ਕੋਲ ਕੰਮ ਕਰਵਾਉਣ ਆਉਂਦੇ ਸਨ। ਓਥੇ ਆਪਣੇ ਘਰਾਂ ਦੇ ਦੁੱਖ ਸੁੱਖ ਦੀਆਂ ਗੱਲਾਂ ਬਾਤਾਂ ਹੁੰਦੀਆਂ ਤੇ ਸਾਰੇ ਆਪੋ ਆਪਣੇ ਰੰਗਾਂ ਵਿੱਚ ਮਸਤ ਰਹਿੰਦੇ। ਉਂਜ ਗੈਰ-ਨਾਮਧਾਰੀ, ਨਾਮਧਾਰੀ ਸਿੱਖਾਂ ਦੀ ਸੱਚੀ ਸੁਚੀ ਜੀਵਨ ਜਾਚ ਦੀ ਵਡਿਆਈ ਕਰਦੇ ਸਨ। ਕਈ ਨਾਲ ਲੱਗਦੀ ਰਿਆਸਤ ਮਲੇਰਕੋਟਲੇ ਹੁੰਦੇ ਗਊਘਾਤ ਬਾਰੇ ਸੋਚਕੇ ਉਹਨਾਂ ਪ੍ਰਤੀ ਪਰੇਸ਼ਾਨੀ ਪ੍ਰਗਟ ਕਰਦੇ ਸਨ।

ਪਿੰਡ ਵਿੱਚ ਪੜ੍ਹਨ ਪੜ੍ਹਾਉਣ ਦਾ ਕੋਈ ਖਾਸ ਸਿਲਸਿਲਾ ਤਾਂ ਹੈ ਨਹੀਂ ਸੀ। ਹਾਂ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਸਭ ਨੇ ਗੁਰਮੁਖੀ ਅੱਖਰ ਸਿੱਖ ਲਏ ਅਤੇ ਪਾਠ ਕਰਨ ਲੱਗ ਪਏ ਸਨ। ਬਾਲਕ ਬਿਸ਼ਨ ਸਿੰਘ ਜੋ ਕੁਝ ਵੇਖਦਾ, ਕਰਦਾ। ਕਦੀ ਉਹ ਪਾਠ ਕਰਦਾ, ਕਦੀ ਪਰਸਾਦਾ ਛਕਣ ਲੱਗਿਆਂ ਨੂੰ ਪੁੱਛਦਾ, "ਹੱਥ ਸੁੱਚੇ ਕਰ ਲਏ!" ਕਦੀ ਅੱਗੇ ਥਾਲੀ ਰੱਖ ਕੇ ਅੱਖਾਂ ਮੀਟ ਕੇ ਹੱਥ ਜੋੜ ਕੇ ਬੈਠ ਜਾਂਦਾ ਜਿਵੇਂ ਅਰਦਾਸ ਕਰ ਰਿਹਾ ਹੋਵੇ। ਮਾਤਾ ਪਿਤਾ ਤੇ ਭਰਾ ਇਹ ਵੇਖ ਕੇ ਖੁਸ਼ ਹੁੰਦੇ। ਕਈ ਵਾਰ ਉਹ ਉਸਦੀ ਪਿੱਠ ਉਤੇ ਹੱਥ ਮਾਰ ਕੇ ਸ਼ਾਬਾਸ਼ ਦਿੰਦੇ।

**ਅੰਗਰੇਜ਼ ਵਿਰੁੱਧ ਚਰਚਾ**

ਘਰ ਵਿੱਚ ਸਹਿਜ ਸੁਭਾਅ ਹੀ ਅੰਗਰੇਜ਼ ਦੇ ਰਾਜ ਦੀਆਂ ਗੱਲਾਂ ਹੁੰਦੀਆਂ। ਉਹ ਚਰਚਾ ਕਰਦੇ ਅੰਗਰੇਜ਼ ਬੜਾ ਚਾਤਰ ਹੈ। ਉਸਨੇ ਲੋਕਾਂ ਨੂੰ ਪਾੜ ਕੇ ਸਾਰੇ ਦੇਸ ਤੇ ਆਪਣਾ ਰਾਜ ਕਰ ਲਿਆ ਹੈ। ਅੰਗਰੇਜ਼ ਗਊ ਖਾਂਦੇ ਹਨ। ਉਹ ਮੁਸਲਮਾਨਾਂ ਨੂੰ ਗਊਘਾਤ ਕਰਨ ਲਈ ਉਕਸਾਉਂਦੇ ਹਨ। ਉਹਨਾਂ ਨੇ ਹਿੰਦੂ ਸਿੱਖਾਂ ਤੇ ਮੁਸਲਮਾਨਾਂ ਵਿੱਚ ਨਫਰਤ ਪੈਦਾ ਕਰਨੀ ਸ਼ੁਰੂ ਕਰ ਦਿੱਤੀ ਹੈ। ਉਹ ਅੰਗਰੇਜ਼ਾਂ ਨੂੰ ਗੋਰੇ, ਬਿੱਲੇ ਜਾਂ ਫਿਰੰਗੀ ਕਹਿੰਦੇ ਸਨ। ਇਹ ਵੀ ਕਿਹਾ ਜਾਂਦਾ ਸੀ ਕਿ ਸ੍ਰੀ ਸਤਿਗੁਰੂ ਜੀ ਦੇਸ ਵਿੱਚ ਅੰਗਰੇਜ਼ਾਂ ਦੀ ਥਾਂ ਆਪਣਾ ਰਾਜ ਚਾਹੁੰਦੇ ਹਨ। ਬਾਲਕ ਬਿਸ਼ਨ ਸਿੰਘ ਕਈ ਵਾਰ ਸਹਿਜੇ ਹੀ ਆਪਣੀ ਮਾਤਾ ਨੂੰ ਪੁਛਦਾ, "ਬੇਬੇ, ਇਹ ਬਿੱਲੇ ਕਦੋਂ ਜਾਣਗੇ!" ਅਗੋਂ ਉਹ ਕਹਿੰਦੀ, "ਜਦੋਂ ਗੁਰੂ ਦੀ ਮਾਰ ਵੱਜੂ।"

(ਬਾਕੀ ਸਫਾ 4 'ਤੇ)

## ਮਾਸਟਰ ਨਿਹਾਲ ਸਿੰਘ ਜੀ ਯਾਦਗਾਰੀ ਸਨਮਾਨ ਪੁਰਸਕਾਰ

**ਨਵੀਂ ਦਿੱਲੀ:** ਮਾਸਟਰ ਨਿਹਾਲ ਸਿੰਘ ਜੀ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ, ਲਿਖਾਰੀ, ਸ਼ਾਂਤ ਚਿਤ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੀਤਵਾਨ ਤੇ ਸਿਦਕਵਾਨ ਸਿੱਖ ਸਨ। ਮਾਸਟਰ ਜੀ ਦੀ ਯਾਦ ਵਿੱਚ ਯਾਦਗਾਰੀ ਪੁਰਸਕਾਰ ਉਹਨਾਂ ਦੇ ਸਪੁੱਤਰਾਂ ਸੰਤ ਮਨਮੋਹਨ ਸਿੰਘ, ਸੰਤ ਚਰਨਜੀਤ ਸਿੰਘ ਵਲੋਂ ਸਤਿਗੁਰੂ ਜੀ ਦੇ ਹੁਕਮ ਨਾਲ ਇੱਕ ਵਿਸ਼ੇਸ਼ ਵਿਅਕਤੀ ਨੂੰ ਉਹਨਾਂ ਦੀਆ ਪੰਥਕ ਸੇਵਾਵਾਂ ਨੂੰ ਮੁੱਖ ਰਖਕੇ ਹਰ ਸਾਲ ਦਿੱਤਾ ਜਾਂਦਾ ਹੈ।

ਇਸ ਸਾਲ 2017 ਵਿੱਚ ਇਹ ਅਵਾਰਡ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਪੰਡਤ ਹਰਭਜਨ ਸਿੰਘ ਖੰਡੂਵਾਲੀਆਂ ਨੂੰ ਦਿੱਤਾ ਗਿਆ, ਜੋ ਬਹੁਤ ਹੀ ਸਹਿਜ ਅਵਸਥਾ ਦੇ ਮਾਲਕ, ਗੁਰੂ ਮਰਯਾਦਾ ਵਿੱਚ ਪੂਰੇ ਪੱਕੇ ਤੇ ਗੁਰੂ ਚਰਨਾਂ ਤੇ ਪੂਰਨ ਭਰੋਸਾ ਰੱਖਣ ਵਾਲੇ ਗੁਰਸਿੱਖ ਤੇ ਵਿਦਵਾਨ ਸੱਜਣ ਹਨ।

24 ਅਪ੍ਰੈਲ ਦਿਨ ਸੋਮਵਾਰ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਅੰਮ੍ਰਿਤ ਵੇਲੇ ਪ੍ਰੋਗਰਾਮ ਦੀ ਸ਼ੁਰੂਆਤ ਰਾਗੀ ਸਾਜਨ ਸਿੰਘ, ਗੁਰਚਰਨ ਸਿੰਘ ਚੰਨੀ ਦੇ ਜਥੇ ਨੇ ਪਵਿੱਤਰ ਆਸਾ ਦੀ ਵਾਰ ਦੇ ਕੀਰਤਨ ਨਾਲ ਕੀਤੀ। ਇਸ ਸੁਹਾਵਣੇ ਸਮੇਂ ਵਿੱਚ ਜਿਥੇ ਸਾਧ-ਸੰਗਤ ਨੇ ਕੰਨਾਂ ਰਾਹੀ ਅੰਮ੍ਰਿਤਮਈ ਕੀਰਤਨ ਸਰਵਣ ਕੀਤਾ ਉਥੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰਕੇ ਨੇਤ੍ਰਾਂ ਤੇ ਹਿਰਦੇ ਵਿੱਚ ਠੰਡ ਪਾਈ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਹਰਪਾਲ ਸਿੰਘ ਸਕੱਤਰ ਨੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰੀ ਹਰਵਿੰਦਰ ਸਿੰਘ ਹੰਸਪਾਲ ਨੂੰ ਕੁਝ ਸ਼ਬਦਾਵਲੀ ਭੇਟ ਕਰਨ ਵਾਸਤੇ ਮੰਚ ਤੇ ਸੱਦਾ ਦਿੱਤਾ।

ਹੰਸਪਾਲ ਜੀ ਨੇ ਪਹਿਲਾਂ ਮਾਸਟਰ ਨਿਹਾਲ ਸਿੰਘ ਜੀ ਨੂੰ ਗੁਰੂ ਘਰ ਨੂੰ ਅਰਪਿਤ ਕਰਨ ਵਾਲਾ ਤੇ ਆਪਣੀ ਮਹਾਨ ਲੇਖਣੀ ਕਰਕੇ ਗੁਰੂ ਇਤਿਹਾਸ ਨੂੰ ਉਜਾਗਰ ਕਰਨ ਵਾਲੇ ਦੱਸਿਆ। ਉਹਨਾਂ ਆਖਿਆ ਮਾਸਟਰ ਜੀ ਨਾ ਬੁਰਾ ਬੋਲਦੇ ਸਨ, ਨਾ ਵੇਖਦੇ ਸਨ ਤੇ ਨਾ ਹੀ ਬੁਰਾ ਸੁਣਦੇ ਸਨ।

ਪੰਡਤ ਹਰਭਜਨ ਸਿੰਘ ਖੰਡੂਵਾਲੀਆਂ ਦੇ ਜੀਵਨ ਚਰਿੱਤਰ ਤੇ ਝਾਤ ਪਾਉਂਦਿਆ ਕਿਹਾ ਕਿ ਸੰਤ ਜੀ ਦਾ ਜਨਮ ਸੰਤ ਭਗਤ ਸਿੰਘ ਜੀ ਦੇ ਘਰ ਹੋਇਆ। ਇਹਨਾਂ ਦੇ ਪਿਤਾ ਜੀ ਨੇ ਸੰਤ ਜੀ ਦਾ ਜੀਵਨ ਧਰਮੀ ਕਰਮੀ ਬਨਾਉਣ ਵਾਸਤੇ ਆਪਣੇ ਵਡੇ ਭਰਾਤਾ ਉਚ ਕੋਟੀ ਦੇ ਵਿਦਵਾਨ ਬ੍ਰਹਮ ਗਿਆਨੀ ਵਿਹੰਗਮ ਸਾਧ ਪੰਡਤ ਜਗਤ ਸਿੰਘ ਜੀ ਖੰਡੂਵਾਲੀਆਂ ਨੂੰ ਮੱਥਾ ਟੇਕ ਦਿੱਤਾ। ਪੰਡਤ ਜਗਤ ਸਿੰਘ ਜੀ ਪ੍ਰਸਿਧ ਸੰਤ ਹੋਏ ਹਨ ਜਿਹਨਾਂ ਨੇ ਕਈ ਸੈਂਕੜੇ ਬੱਚਿਆ ਨੂੰ ਆਪਣੇ ਕੋਲ ਡੇਰੇ ਵਿੱਚ ਰੱਖਕੇ ਪਿਤਾ ਵਾਲਾ ਪਿਆਰ ਦੁਲਾਰ ਦੇ ਕੇ ਨਾਮ ਬਾਣੀ ਨਾਲ ਜੋੜਿਆ।

(ਬਾਕੀ ਸਫਾ 4 'ਤੇ)

## ਟਰਾਂਟੋ ਦੀ ਨਾਮਧਾਰੀ ਸਾਧ-ਸੰਗਤ ਵੱਲੋਂ ਵਿਸਾਖੀ ਮੇਲੇ ਸਮੇਂ ਵਿਦਵਾਨਾਂ ਦੇ ਵਿਚਾਰ ਅਤੇ ਮਾਨ ਸਨਮਾਨ

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਨਾਮਧਾਰੀ ਸੰਗਤ ਟਰਾਂਟੋ (ਕਨੇਡਾ) ਵੱਲੋਂ ਵਿਸਾਖੀ ਪੁਰਬ ਅਤੇ ਸੰਤ ਖਾਲਸੇ ਦਾ ਸਾਜਨਾ ਦਿਵਸ ਬੜੇ ਉਤਸ਼ਾਹ ਨਾਲ ਨਾਮ-ਸਿਮਰਨ, ਕਥਾ-ਕੀਰਤਨ, ਸੇਵਾ ਭਾਵਨਾ ਸਹਿਤ ਵਿਦਵਾਨਾਂ ਦੇ ਵਿਚਾਰ ਸੁਣ ਕਰਕੇ 15 ਅਪ੍ਰੈਲ ਦਿਨ ਸ਼ਨੀਵਾਰ ਨੂੰ ਨਾਮਧਾਰੀ ਧਰਮਸ਼ਾਲਾ ਵਿਖੇ ਮਨਾਇਆ ਗਿਆ ।

ਸ਼ਾਮ ਨੂੰ 5.30 ਵਜੇ ਨਾਮ-ਸਿਮਰਨ ਦੀ ਅਰਦਾਸ ਨਾਲ ਹੀ ਇਸ ਪੁਰਬ ਦੀ ਸ਼ੁਰੂਆਤ ਕੀਤੀ ਗਈ। ਸ੍ਰੀ ਸਤਿਗੁਰੂ ਜੀ ਦਾ ਪਵਿਤ੍ਰ ਉਪਦੇਸ਼ ਸਰਵਣ ਕਰਨ ਉਪਰੰਤ ਸੰਤ ਬਲਦੇਵ ਸਿੰਘ ਰਾਗੀ ਨੇ ਆਪਣੇ ਕੀਰਤਨ ਦੁਆਰਾ ਸਾਧ-ਸੰਗਤ ਨੂੰ ਵਿਸਾਖੀ ਅਤੇ ਇਸਦੇ ਇਤਿਹਾਸ ਤੋਂ ਜਾਣੂੰ ਕਰਵਾਇਆ ।

6:30 ਵਜੇ ਨਿਤਨੇਮ ਦੀ ਸਮਾਪਤੀ ਦੀ ਅਰਦਾਸ ਸੂਬਾ ਗੁਰਦਿਆਲ ਸਿੰਘ ਨੇ ਕੀਤੀ ਅਤੇ ਸੰਤ ਅਜੀਤ ਸਿੰਘ ਬਡਵਾਲ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੋਇਆਂ ਸਾਰੀ ਸਾਧ-ਸੰਗਤ ਨੂੰ ਵਿਸਾਖੀ ਦੀ ਵਧਾਈ ਦਿੰਦਿਆਂ ਹੋਇਆਂ ਅੱਜ ਦੇ ਪ੍ਰੋਗਰਾਮ ਬਾਰੇ ਦੱਸਦਿਆਂ ਬੀਬੀ ਗੁਰਬਖ਼ਸ਼ ਕੌਰ ਦਾ ਨਾਂ ਅਨਾਊਂਸ ਕੀਤਾ।

ਬੀਬੀ ਗੁਰਬਖ਼ਸ਼ ਕੌਰ ਮੁਕਤਾ ਨੇ ਬੜੇ ਵਧੀਆ ਢੰਗ ਨਾਲ ਗੁਰਬਾਣੀ ਅਤੇ ਇਤਿਹਾਸਕ ਪ੍ਰਮਾਣਾਂ ਨਾਲ ਵਿਸਾਖੀ ਦੀ ਸ਼ੁਰੂਆਤ ਸ੍ਰੀ ਸਤਿਗੁਰੂ ਅਮਰਦਾਸ ਜੀ ਤੋਂ ਦੱਸੀ ਅਤੇ ਆਪਣੇ ਸਤਿਗੁਰੂ ਨੂੰ ਏਨਾਂ ਸਮਰਪਤ ਹੋਣ ਲਈ ਕਿਹਾ ਕਿ ਜੇ ਸਤਿਗੁਰੂ ਸਿਰ ਵੀ ਮੰਗੇ ਤੇ ਸਿੱਖ ਨੂੰ ਉਹ ਦੇਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਪਰਖਣ ਲਈ ਹੀ ਤਲਵਾਰ ਖਿੱਚ ਕੇ ਭਰੇ ਪੰਡਾਲ ਵਿੱਚ 1699 ਈ. ਦੀ ਵਿਸਾਖੀ ਵਾਲੇ ਦਿਨ ਸਿਰਾਂ ਦੀ ਮੰਗ ਕੀਤੀ ਸੀ ਤੇ ਸਾਰੇ ਪਾਸੇ ਸਨਾਟਾ ਛਾ ਗਿਆ ਸੀ। ਫਿਰ ਸਤਿਗੁਰੂ ਦੇ ਰੰਗ ਵਿੱਚ, ਪਿਆਰ ਵਿੱਚ ਭਿੱਜੇ ਪੰਜ ਸਿੰਘਾਂ ਨੇ ਵਾਰੀ ਵਾਰੀ ਆਪਣੇ ਸਿਰ ਦਿੱਤੇ ਜਿਹਨਾਂ ਨੂੰ ਸਤਿਗੁਰੂ ਜੀ ਕਲਮ ਕਰਕੇ ਨਵੇਂ ਸਿਰੋਂ ਪਿਉਂਦ ਕਰਕੇ ਜੋੜਿਆ ਤੇ ਅੰਮ੍ਰਿਤ ਛਕਾ ਕੇ ਕਮਜ਼ੋਰਾਂ ਤੋਂ ਨਿਡਰ ਬਣਾ ਦਿੱਤਾ। ਭਾਵ ਗਿੱਦੜਾਂ ਤੋਂ ਸ਼ੇਰ ਸਮਾਨ ਬਣਾ ਕੇ ਨਾਵਾਂ ਨਾਲ ਸਿੰਘ ਲਗਾਕੇ ਪੰਜ ਪਿਆਰਿਆਂ ਦਾ ਨਾਂ ਦਿੱਤਾ। (ਬਾਕੀ ਸਫਾ 6 'ਤੇ)

## 'ਸਤਿਜੁਗ' ਬਹੁਤ ਜਲਦ ਆਨਲਾਈਨ ਹੋਵੇਗਾ

ਅੱਜ ਦੀ ਭੱਜ ਦੌੜ ਅਤੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਹਰ ਵਿਅਕਤੀ ਚਾਹੁੰਦਾ ਹੈ ਕਿ ਹਰ ਪ੍ਰਕਾਰ ਦੀ ਜਾਣਕਾਰੀ, ਸਮਾਚਾਰ ਅਤੇ ਹੋਰ ਪੰਥਕ ਸਰਗਰਮੀਆਂ ਉਸਦੇ ਕੰਪਿਊਟਰ, ਲੈਪਟਾਪ, ਟੈਬ ਅਤੇ ਮੋਬਾਈਲ ਤੇ ਉਪਲਬਧ ਹੋਣ। ਅਦਾਰਾ 'ਸਤਿਜੁਗ' ਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਇਸਦੇ ਪਾਠਕ ਬੱਸ ਕੁੱਝ ਹੀ ਦਿਨਾਂ ਬਾਅਦ 'ਸਤਿਜੁਗ' ਨੂੰ ਇੰਟਰਨੈਟ ਵੈਬਸਾਈਟ ਤੇ ਆਨਲਾਈਨ ਪੜ੍ਹ ਸਕਿਆ ਕਰਨਗੇ। ਇਸ ਸੰਬੰਧੀ ਤਿਆਰੀਆਂ ਨੂੰ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇਹ ਪਹਿਲਕਦਮੀ ਵਿਦੇਸ਼ ਦੇ ਪਾਠਕਾਂ ਨੂੰ ਧਿਆਨ ਵਿੱਚ ਰੱਖ ਕੇ ਵਿਸ਼ੇਸ਼ ਤੌਰ ਤੇ ਕੀਤੀ ਜਾ ਰਹੀ ਹੈ।

ਸਤਿਜੁਗ
ਕਲਿਜੁਗ ਮੈ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਗੁਰ ਕਿਰਪਾ ਤੇ ਮਿਲੈ ਵਡਿਆਈ

✍ ਪ੍ਰੋ. ਤਾਰਾ ਸਿੰਘ ਅਨਜਾਣ

ਸੰਸਾਰ ਵਿਚ ਹਰ ਵਿਅਕਤੀ ਮਾਣ ਵਡਿਆਈ ਲਈ ਯਤਨ ਕਰਦਾ ਹੈ। ਉਹ ਇਸ ਦੀ ਪ੍ਰਾਪਤੀ ਲਈ ਪੂਰੀ ਵਾਹ ਲਾਉਂਦਾ ਹੈ ਅਤੇ ਦੂਰ ਨੇੜੇ ਦੀਆਂ ਹੋਰ ਤਾਕਤਾਂ ਵੀ ਵਰਤਦਾ ਹੈ ਪਰ ਕਈ ਵਾਰ ਉਹ ਇਹ ਚੇਤੇ ਨਹੀਂ ਰਖਦਾ ਕਿ ਮਾਣ ਵਡਿਆਈ ਤਾਂ ਸਤਿਗੁਰੂ ਦੀ ਕਿਰਪਾ ਨਾਲ ਮਿਲਣੀ ਹੈ। ਕੀਤੇ ਗਏ ਯਤਨ ਵੀ ਉਸ ਦੀ ਕਿਰਪਾ ਬਿਨਾਂ ਸਫਲ ਨਹੀਂ ਹੋਣੇ।

ਸਿਰਮੌਰ ਚਿੰਤਕ, ਕਵੀ, ਆਲੋਚਕ ਤੇ ਵਿਦਵਾਨ ਡਾਕਟਰ ਹਰਭਜਨ ਸਿੰਘ ਨੂੰ ਜਦ ਕਬੀਰ ਇਨਾਮ (ਮੁਰਾਦ) ਮਿਲਿਆ ਤਾਂ ਉਹਨਾਂ ਦੇ ਸਤਿਕਾਰ ਵਿਚ ਇਕ ਬੈਠਕ ਮਾਤਾ ਸੁੰਦਰੀ ਕਾਲਜ ਦਿੱਲੀ ਹੋਈ। ਉਸ ਬੈਠਕ ਦੇ ਅੰਤ ਉਤੇ ਧੰਨਵਾਦ ਦੇ ਸ਼ਬਦ ਕਹਿੰਦਿਆਂ ਡਾਕਟਰ ਸਾਹਿਬ ਨੇ ਆਖਿਆ, "ਇਹ ਇਨਾਮ ਮੈਨੂੰ ਮਿਲਿਆ ਹੈ ਕੇਵਲ ਸਿਫਾਰਸ਼ੀ ਇਨਾਮ ਨਹੀਂ। ਮੈਨੂੰ ਪਤਾ ਹੈ ਕਿ ਮੈਂ ਇਸ ਦੇ ਯੋਗ ਸਾਂ ਪਰ ਕੇਵਲ ਮੈਂ ਹੀ ਯੋਗ ਨਹੀਂ ਹੋਰ ਵੀ ਇਹ ਇਨਾਮ ਲੈਣ ਦੇ ਯੋਗ ਹੋਣ ਕਾਰਨ ਇਸ ਦੇ ਹੱਕਦਾਰ ਹਨ। ਉਹਨਾਂ ਵਿਚੋਂ ਮੈਨੂੰ ਚੁਣਿਆ ਗਿਆ ਹੈ, ਇਹ ਕਿਸੇ ਦੀ ਕਿਰਪਾ ਹੈ।"

ਕੰਮ ਤਾਂ ਬਿਨਾਂ ਕਿਰਪਾ ਤੋਂ ਵੀ ਹੁੰਦੇ ਹਨ। ਕਿਸੇ ਵੇਲੇ ਕੋਈ ਪੁਰਸ਼ ਦੂਜੇ ਦੀ ਮਦਦ ਕਰ ਦੇਂਦਾ ਹੈ। ਇਕ ਅਖਾਣ ਵੀ ਹੈ, ਬੰਦਾ ਹੀ ਬੰਦੇ ਦਾ ਦਾਰੂ ਹੈ ਪਰ ਉਹ ਮਦਦ ਐਵੇਂ ਨਹੀਂ ਮਿਲਦੀ। ਭਾਵੇਂ ਮਦਦ ਲੈਣ ਵੇਲੇ ਇਕ ਸੂਤਰੀ ਪ੍ਰੋਗਰਾਮ ਹੋਵੇ, ਚਲੋ ਇਕ ਵਾਰੀ ਤਾਂ ਕੰਮ ਸਰਿਆ ਪਰ ਨਾਲ ਹੀ ਮਦਦ ਦੇਣ ਵਾਲੇ ਤੋਂ ਮਦਦ ਲੈਣ ਵਾਲਾ ਆਪਣੇ ਆਪ ਨੂੰ ਛੋਟਾ ਛੋਟਾ ਸਮਝਣ ਲੱਗ ਪੈਂਦਾ ਹੈ। ਇਹ ਹੀਣਤਾ ਜ਼ਿੰਦਗੀ ਭਰ ਉਸਨੂੰ ਮਦਦ ਦੇਣ ਵਾਲੇ ਅੱਗੇ ਅੱਖ ਚੁੱਕ ਕੇ ਨਹੀਂ ਵੇਖਣ ਦਿੰਦੀ, ਤੇ ਜੇ ਮਦਦ ਲੈਣ ਵਾਲਾ ਇਸ ਦਾ ਅਹਿਸਾਸ ਨਾ ਕਰੇ ਤਾਂ ਮਦਦ ਕਰਨ ਵਾਲਾ ਉਸ ਦੇ ਮੂੰਹ ਤੇ ਮਾਰਦਾ ਹੈ, ਵੇਖ ਮੈਂ ਤੇਰੀ ਕਿੰਨੀ ਮਦਦ ਕੀਤੀ, ਭੁਲ ਗਿਆ ਏਂ ਸਭ ਕੁਝ ! ਤੂੰ ਤਾਂ ਬੜਾ ਨਾ-ਸ਼ੁਕਰਾ ਏਂ। ਉਹ ਅੱਗੋਂ ਝੂਠਾ ਸੱਚਾ ਧੰਨਵਾਦ ਜਿਹਾ ਕਰ ਦੇਂਦਾ ਹੈ ਅਤੇ ਉਸਦੀ ਹਉਮੈ ਨੂੰ ਪੱਠੇ ਪਾਉਂਦਾ ਹੈ।

ਕੰਮ ਲਿਹਾਜ਼ ਨਾਲ ਵੀ ਹੁੰਦੇ ਹਨ। ਕਿਸੇ ਮਾੜੇ ਦਾ, ਕਮਜ਼ੋਰ ਦਾ, ਹੌਲੇ ਦਾ, ਨਿਕੰਮੇ ਦਾ ਲਿਹਾਜ਼ ਕਰਨਾ, ਲਿਹਾਜ਼ ਬਰਾਬਰ ਦਾ ਵੀ ਕੀਤਾ ਜਾਂਦਾ ਹੈ। ਇਹ ਸੋਚ ਕੇ ਜੇ ਮੈਂ ਇਸ ਦਾ ਲਿਹਾਜ਼ ਕੀਤਾ ਤਾਂ ਇਹ ਵੀ ਮੇਰਾ ਕਿਸੇ ਦਿਨ ਲਿਹਾਜ਼ ਕਰੇਗਾ ਪਰ ਇਸ ਨਾਲ ਭਾਵਨਾ ਸ਼ੁੱਧ ਨਹੀਂ ਰਹਿੰਦੀ।

ਲਿਹਾਜ਼ ਦੇ ਨੇੜੇ ਤੇੜੇ ਦੀ ਇਹ ਗੱਲ ਹੈ ਰਈ ਕਰਨਾ, ਰਿਆਇਤ ਕਰਨਾ। ਰਿਆਇਤ ਤਾਂ ਅਸੀਂ ਬਜ਼ਾਰ ਵਿਚੋਂ ਕਿਸੇ ਓਪਰੇ ਬੇਗਾਨੇ ਕੋਲੋਂ ਸੌਦਾ ਖਰੀਦਣ ਵੇਲੇ ਵੀ ਕਰਾਉਂਦੇ ਹਾਂ। ਪਰ ਸੌਦਾ ਭਾਵੇਂ ਮੂਲੀ ਖਰੀਦਣੀ ਹੋਵੇ ਭਾਵੇਂ ਮਕਾਨ। ਇਹ ਆਖ ਲਈਦਾ ਹੈ, ਕੀਮਤ ਤਾਂ ਭਾਅ ਤਾਂ ਤੇਰੇ ਨਾਲ ਟੁੱਕਿਆ ਗਿਆ ਹੈ ਪਰ ਹੁਣ ਦੱਸ ਰਿਆਇਤ ਕਿੰਨੀ ਕਰਦਾ ਹੈਂ? ਕਈ ਵਾਰੀ ਤਗੜੇ ਦੇ ਮੁਕਾਬਲੇ 'ਤੇ ਮਾੜੇ ਦੀ ਰਈ ਕਰੀਦੀ ਹੈ। ਇਹ ਹਰ ਇੱਕ ਨੂੰ ਦਿਨ ਦੇ ਚਿੱਟੇ ਚਾਨਣ ਵਾਂਗ ਪਤਾ ਹੁੰਦਾ ਹੈ ਕਿ ਜਿਸ ਦੇ ਹੱਕ ਵਿਚ ਗੱਲ ਕੀਤੀ ਜਾ ਰਹੀ ਹੈ ਉਹ ਉਸ ਦੇ ਯੋਗ ਨਹੀਂ। ਫਿਰ ਵੀ ਰਿਆਇਤ ਹੈ ਹੀ। ਸਰਕਾਰੀ ਤੌਰ ਤੇ ਕਈ ਪੱਖਾਂ ਵਾਸਤੇ ਨੌਕਰੀਆਂ ਰਾਖਵੀਆਂ ਰੱਖਣਾ, ਉਹਨਾਂ ਨੂੰ ਦਿੱਤੀ ਗਈ ਰਿਆਇਤ ਹੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਦੇ ਪਿਛੇ ਭਾਵਨਾ ਸ਼ੁੱਧ ਹੈ ਕਿ ਆਰਥਿਕ, ਸਮਾਜਿਕ, ਜਾਤ-ਬਰਾਦਰੀ ਪੱਖੋਂ ਕਮਜ਼ੋਰ ਲੋਕਾਂ ਨੂੰ ਰਿਆਇਤ ਦੇ ਕੇ ਉਹਨਾਂ ਦਾ ਪੱਧਰ ਉਚਾ ਕਰਨਾ ਹੈ ਪਰ ਕੀ ਰਿਆਇਤ ਦੇਣਾ ਨਿਆਂ ਹੈ? ਇਹ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ।

ਇਸੇ ਤਰ੍ਹਾਂ ਪੱਖਪਾਤ ਦੀ ਗੱਲ ਹੈ। ਪੱਖਪਾਤ ਤਾਂ ਸਿੱਧੀ ਧੜੇ ਨਾਲ ਜੁੜੀ ਹੁੰਦੀ ਹੈ। ਇਸ ਵਿੱਚ ਸੱਚ ਨਿਆਂ ਦੀ ਕੋਈ ਗੱਲ ਨਹੀਂ ਹੁੰਦੀ। ਬਸ ਧੜਾ ਪਿਆਰਾ ਹੁੰਦਾ ਹੈ। ਇਕ ਵਾਰ ਕੁਝ ਬੰਦੇ ਇਕ ਆਦਮੀ ਨੂੰ ਕੁੱਟ ਰਹੇ ਸਨ। ਉਸੇ ਰਾਹੋਂ ਲੰਘਦੇ ਇਕ ਹੋਰ ਆਦਮੀ ਨੇ ਉਧਰ ਵੇਖਿਆ ਤੇ ਆ ਕੇ ਕੁੱਟ ਖਾਂਦੇ ਆਦਮੀ ਨੂੰ ਦੋ ਹੋਰ ਠੋਕ ਦਿੱਤੀਆਂ। ਉਸ ਨੂੰ ਜਦੋਂ ਪੁਛਿਆ ਗਿਆ ਤੂੰ ਇਸ ਨੂੰ ਕਿਉਂ ਮਾਰਿਆ, ਇਸ ਦਾ ਕੀ ਕਸੂਰ ਹੈ? ਤਾਂ ਉਸ ਦਾ ਜਵਾਬ ਸੀ, ਮੇਰੇ ਧੜੇ ਦੇ ਲੋਕ ਮਾਰ ਰਹੇ ਸਨ, ਮੈਂ ਵੀ ਮਾਰਨਾ ਸ਼ੁਰੂ ਕਰ ਦਿੱਤਾ। ਪੱਖ ਤਾਂ ਬਿਨਾਂ ਸੋਚਿਆਂ ਸਮਝਿਆਂ ਲਿਆ ਜਾਂਦਾ ਹੈ। ਕਈ ਵਾਰ ਇਸ ਪ੍ਰਕਾਰ ਵੀ ਹੁੰਦਾ ਹੈ ਜਦੋਂ ਧੜਾ ਬਦਲ ਜਾਏ ਤਾਂ ਉਹਨਾਂ ਬੰਦਿਆਂ ਪ੍ਰਤੀ ਸੋਚ ਵੀ ਬਦਲ ਜਾਂਦੀ ਹੈ। ਭਾਰਤੀ ਰਾਜਨੀਤੀ ਵਿਚ ਇਸ ਦੀ ਉਦਾਹਰਨ ਮਿਲਣੀ ਔਖੇ ਨਹੀਂ। ਪਾਰਟੀ ਬਦਲਣ ਤੋਂ ਪਹਿਲਾਂ ਜਿਸ ਪਾਰਟੀ ਦੇ ਆਗੂਆਂ ਨੂੰ ਨਿੰਦਦੇ ਸਨ, ਉਸ ਦੀਆਂ ਨੀਤੀਆਂ ਦੀ ਅਲੋਚਨਾ ਕਰਦੇ ਸਨ, ਪਾਰਟੀ ਬਦਲਣ ਬਾਅਦ ਉਸ ਦੇ ਗੁਣ ਗਾਉਂਦੇ ਨਹੀਂ ਥੱਕਦੇ।

ਕਿਸੇ ਦਾ ਕੰਮ ਉਧਾਰ ਲਿਆਂ ਵੀ ਸਰ ਸਕਦਾ ਹੈ। ਕਈ ਵਾਰ ਅਸੀਂ ਹੱਥ ਫੜ੍ਹਾਵਾਂ ਉਧਾਰ ਲੈਂਦੇ ਹਾਂ। ਕਿਸੇ ਸੱਜਣ ਮਿੱਤਰ ਕੋਲੋਂ ਲੋੜ ਅਨੁਸਾਰ ਕੁਝ ਰਕਮ ਲੈ ਲਈ ਅਤੇ ਕੁਝ ਸਮੇਂ ਬਾਅਦ ਵਾਪਿਸ ਕਰ ਦਿੱਤੀ ਜਾਂਦੀ ਹੈ। ਕਈ ਵਾਰ ਅਸੀਂ ਵਿਆਜੀ ਪੈਸੇ ਉਧਾਰ ਲੈਂਦੇ ਹਾਂ ਅਤੇ ਸਣੇ ਮੂਲ ਵਾਪਸ ਕਰਦੇ ਹਾਂ। ਇਹ ਨਿਜੀ ਤੌਰ ਤੇ ਵੀ ਚਲਦਾ ਹੈ ਤੇ ਸੰਸਥਾ ਵਲੋਂ ਵੀ। ਭਾਵੇਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਵਿਆਜ ਨਾ ਲੈਣ ਦਾ ਹੈ ਪਰ ਵਿਆਜ ਲੈਣ ਵਾਲੇ ਨੂੰ ਮੂਲ ਨਾਲੋਂ ਵਿਆਜ ਜ਼ਿਆਦਾ ਪਿਆਰਾ ਹੁੰਦਾ ਹੈ। ਉਂਜ ਵਿਆਜੀ ਪੈਸਾ ਕਈ ਵਾਰ ਏਨਾ ਭਾਰਾ ਰਿਹਾ ਹੈ ਕਿ ਸ਼ਾਹੂਕਾਰ ਤੋਂ ਲਿਆ ਉਧਾਰ ਪੀੜ੍ਹੀਆਂ ਤਕ ਨਹੀਂ ਉਤਰਦਾ। ਉਧਾਰ ਲੈਣਾ ਕਿੰਨਾ ਕੁ ਸੁਖਦਾਈ ਹੈ ਇਸ ਦਾ ਜੁਆਬ ਹਾਂ ਵਿਚ ਹੋ ਹੀ ਨਹੀਂ ਸਕਦਾ।

ਕੰਮ ਰਿਸ਼ਵਤ ਨਾਲ ਵੀ ਹੁੰਦੇ ਹਨ। ਰਿਸ਼ਵਤ ਲੈਣ ਵਾਲੇ ਇਸ ਵਿੱਚ ਸੰਗ ਸ਼ਰਮ ਮਹਿਸੂਸ ਨਹੀਂ ਕਰਦੇ। ਰਿਸ਼ਵਤ ਲੈਣ ਵਾਲਾ ਜੇ ਫੜਿਆ ਵੀ ਜਾਏ ਤਾਂ ਉਹ ਸਮਝਦਾ ਹੈ ਕਿ ਮੈਂ ਰਿਸ਼ਵਤ ਦੇ ਕੇ ਛੁਟ ਜਾਵਾਂਗਾ। ਰਿਸ਼ਵਤ ਸ਼ਾਸਨ, ਪ੍ਰਸ਼ਾਸਨ ਨਿਆਂ ਤੇ ਸਰਕਾਰ ਦੇ ਖਜ਼ਾਨੇ ਦਾ ਲੱਕ ਤੋੜ ਦੇਂਦੀ ਹੈ ਇਹ ਜਾਇਜ਼-ਨਾਜਾਇਜ਼, ਕਾਬਿਲ-ਨਾਕਾਬਿਲ ਬੰਦਿਆਂ ਦਾ ਫਰਕ ਮਿਟਾ ਦੇਂਦੀ ਹੈ। ਬਹੁਤ ਵਾਰੀ ਜਾਇਜ਼ ਕੰਮ ਤੇ ਲਾਇਕ ਬੰਦੇ ਨੁਕਸਾਨ ਉਠਾਉਂਦੇ ਹਨ। ਇਸ ਨਾਲ ਵੱਡਾ ਨੁਕਸਾਨ ਤਾਂ ਦੇਸ਼ ਦਾ ਹੁੰਦਾ ਹੀ ਹੈ ਕਿਉਂਕਿ ਪ੍ਰਮੁਖਤਾ ਜੇਬ ਵਿਚ ਆਉਂਦੇ ਪੈਸੇ ਨੂੰ ਦਿੱਤੀ ਜਾਂਦੀ ਹੈ।

ਕੰਮ ਦਾਨ ਨਾਲ ਵੀ ਹੁੰਦਾ ਹੈ ਪਰ ਦਾਨ ਦੇਣ ਵਾਲਾ ਤੇ ਲੈਣ ਵਾਲਾ ਬਰਾਬਰ ਤਾਂ ਨਹੀਂ ਸਮਝੇ ਜਾ ਸਕਦੇ। ਦਾਨ ਤਾਂ ਪੂਜਾ ਦਾ ਧਾਨ ਹੈ। ਪੂਜਾ

(ਬਾਕੀ ਸਫਾ 4 'ਤੇ)

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

ਕਰਤਾ : ਸੰਤ ਕਾਲਾ ਸਿੰਘ ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

## ਸਤਿਗੁਰਾਂ ਨੇ ਦੌਰਾ ਕਰਦਿਆਂ ਨੇ ਦਮਦਮੇ ਦਰਸ਼ਨ ਕਰਨੇ

ਸਤਿਗੁਰ ਮਾਲਵੇ ਦੇਸ ਦਾ ਕਰਨ ਦੌਰਾ ਪਿੰਡ ਪਿੰਡ ਦਿਵਾਨ ਲਗਾਕੇ ਜੀ।
ਨਾਮ ਦਾਨ ਦਰ੍ਹਾਨ ਦੀ ਕਰਨ ਬਰਖਾ ਸ਼ਬਦ ਢੋਲਕੀ ਸਾਜ ਬਜਾਕੇ ਜੀ।
ਚੋਰ ਜਾਰ ਤੇ ਧਾੜਵੀ ਸਿਖ ਕੀਤੇ ਦਾਰੂ ਮਾਸ ਤੇ ਹੁੱਕੇ ਛੁਡਾਕੇ ਜੀ।
ਕੀਤੇ ਦੂਰ ਕੁਕਰਮ ਅਧਰਮ ਸਾਰੇ ਸਿਰ ਮੋਨਿਆਂ ਕੇਸ ਰਖਾਕੇ ਜੀ।
ਕੀਤੇ ਦੈਂਤ ਸੇ ਦੇਵਤੇ ਸਤਿਗੁਰਾਂ ਨੇ ਅੰਮ੍ਰਿਤ ਖੰਡੇ ਦਾ ਪਾਨ ਕਰਾਕੇ ਜੀ।
ਮਾਘੀ ਦੇਖ ਮੁਕਸਰ ਦੌਰਾ ਕਰਨ ਗੁਰੂ ਜੀ ਮੇਲਾ ਦਮਦਮੇ ਦਾ ਦੇਖਣ ਜਾਕੇ ਜੀ।
ਸੰਤ ਖਾਲਸੇ ਨੂੰ ਗੁਰਾਂ ਹੁਕਮ ਦਿਤਾ ਦੇਖੋ ਦਮਦਮੇ ਸਾਹਿਬ ਨੂੰ ਧਾਕੇ ਜੀ।
ਜਿੱਥੇ ਗੁਰੂ ਗਰੰਥ ਦੀ ਬੀੜ ਬੰਨ੍ਹੀ ਦਸਵੇਂ ਗੁਰੂ ਜੀ ਕਲਮ ਬਗਾਕੇ ਜੀ।
ਚਲੋ ਓਸ ਅਸਥਾਨ ਦਾ ਦਰਸ ਕਰੀਏ ਸਤਿਗੁਰ ਆਖਦੇ ਆਪ ਸੁਣਾਕੇ ਜੀ।
ਲਿਆ ਸਮਝ ਬਸਾਖੀ ਦਾ ਪੁਰਬ ਭਾਰਾ ਕੀਤਾ ਖਾਲਸਾ ਪੰਥ ਸਜਾਕੇ ਜੀ।
ਕਾਲਾ ਸਿੰਘ ਸਤਿਗੁਰ ਦਮਦਮੇ ਪਹੁੰਚੇ ਤੰਬੂ ਚਾਨਣੀ ਲਾਈ ਬਣਾਕੇ ਜੀ।

(ਚਲਦਾ)

# ਸ੍ਰੀ ਭੈਣੀ ਸਾਹਿਬ ਵਿਖੇ 2017 ਦੇ ਹੋਲੇ ਮਹੱਲੇ ਦੀ ਸੇਵਾ ਕਰਵਾਉਣ ਵਾਲੇ ਬੀਬੀ ਹਰਪਾਲ ਕੌਰ ਦਾ ਟੋਰਾਂਟੋ ਵਿਖੇ ਮਾਨ ਸਨਮਾਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਟੋਰਾਂਟੋ ਦੀ ਨਾਮਧਾਰੀ ਸੰਗਤ ਵਲੋਂ ਵਿਸਾਖੀ ਪੁਰਬ ਮਨਾਉਣ ਸਮੇਂ ਬੀਬੀ ਹਰਪਾਲ ਕੌਰ ਟੋਰਾਂਟੋ ਨਿਵਾਸੀ ਨੂੰ 2017 ਦਾ ਸ੍ਰੀ ਭੈਣੀ ਸਾਹਿਬ ਹੋਲਾ ਮਹੱਲਾ ਕਰਵਾਉਣ ਦੀ ਸੇਵਾ ਦਾ ਸ਼ੁਭ ਅਵਸਰ ਪ੍ਰਾਪਤ ਹੋਣ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਹੋਣ ਕਰਕੇ ਸਨਮਾਨਿਤ ਕੀਤਾ ਗਿਆ।

ਨਾਮਧਾਰੀ ਸੰਗਤ ਕਨੇਡਾ (ਸੁਸਾਇਟੀ) ਓਂਟੈਰੀਓ ਦੇ ਪ੍ਰਧਾਨ ਸੰਤ ਹਰਜਿੰਦਰ ਸਿੰਘ ਨੇ ਬੀਬੀ ਹਰਪਾਲ ਕੌਰ ਬਾਰੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਇਹ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਹੈ ਕਿ ਇਕ ਫੈਕਟਰੀ ਵਿਚ ਨੌਕਰੀ ਕਰਨ ਵਾਲੇ ਬੀਬੀ ਹਰਪਾਲ ਕੌਰ ਨੇ ਸ੍ਰੀ ਭੈਣੀ ਸਾਹਿਬ ਵਿਖੇ ਇਸ ਵਾਰ ਦਾ ਹੋਲਾ ਮਹੱਲਾ ਕਰਵਾ ਕੇ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਸੋ ਬੀਬੀ ਜੀ ਦੀਆਂ ਇਹਨਾਂ ਸੇਵਾਵਾਂ ਨੂੰ ਧਿਆਨ ਵਿਚ ਰੱਖਦਿਆਂ ਜਿਹਨਾਂ ਤੋਂ ਹੋਰ ਸਾਧ ਸੰਗਤ ਨੂੰ ਵੀ ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ, ਨਾਮਧਾਰੀ ਸੰਗਤ ਵਲੋਂ ਮਾਨ ਸਤਿਕਾਰ ਕੀਤਾ ਜਾਂਦਾ ਹੈ।

ਕਮੇਟੀ ਵਲੋਂ ਇਕ ਮਾਣ ਪੱਤਰ ਵੀ ਲਿਖਿਆ ਗਿਆ ਜੋ ਪ੍ਰਧਾਨ ਜੀ ਨੇ ਪੜ੍ਹ ਕੇ ਸੁਣਾਇਆ।

ਬੀਬੀ ਹਰਜਿੰਦਰ ਕੌਰ ਰਾਣੀ ਅਤੇ ਬੀਬੀ ਜਸਬੀਰ ਕੌਰ ਹੱਥੀਂ ਬੀਬੀ ਹਰਪਾਲ ਕੌਰ ਨੂੰ ਮਾਲਾ, ਸ਼ਾਲ, ਮੋਮੈਂਟੋ, ਮਾਣ ਪੱਤਰ ਅਤੇ ਹੋਲੇ ਮਹੱਲੇ ਸਮੇਂ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੋਈ ਬੀਬੀ ਹਰਪਾਲ ਕੌਰ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ।

ਬੀਬੀ ਹਰਪਾਲ ਕੌਰ ਨਾਲ ਗੱਲ ਕਰਦਿਆਂ ਪੁੱਛਿਆ ਕਿ ਤੁਸੀਂ ਏਡਾ ਵੱਡਾ ਸੇਵਾ ਵਾਲਾ ਕੰਮ ਕਿਵੇਂ ਕੀਤਾ ? ਉਹਨਾਂ ਦਾ ਉਤਰ ਸੀ ਸੱਚੇ ਪਾਤਸ਼ਾਹ ਆਪ ਹੀ ਕਿਰਪਾ ਕਰਦੇ ਹਨ ਜਿਸ ਤੋਂ ਸੇਵਾ ਲੈਣੀ ਹੈ ਉਹ ਲੈ ਲੈਂਦੇ ਨੇ। ਉਹਨਾਂ ਦੱਸਿਆ ਕਿ ਉਹ ਛੋਟੇ ਹੁੰਦਿਆਂ ਹੀ ਆਪਣੇ ਪਿਤਾ ਸੰਤ ਅਮਰ ਸਿੰਘ ਅਤੇ (ਸਵਰਗਵਾਸੀ) ਮਾਤਾ ਸੁਰਜੀਤ ਕੌਰ ਨਾਲ ਕਨੇਡਾ ਆਈ ਸੀ। ਭਰਾ ਸੰਤ ਬਚਿੱਤਰ ਸਿੰਘ, ਸੰਤ ਹਰਵੰਤ ਸਿੰਘ ਅਤੇ ਸੰਤ ਹਰਭਜਨ ਸਿੰਘ ਹਨ। ਸੰਤ ਬਚਿੱਤਰ ਸਿੰਘ ਤੇ ਸੰਤ ਹਰਭਜਨ ਸਿੰਘ ਕਨੇਡਾ ਹੀ ਰਹਿੰਦੇ ਹਨ ਤੇ ਸੰਤ ਹਰਵੰਤ ਸਿੰਘ ਭਾਰਤ ਵਿਚ ਪਿੰਡ ਔੜ ਜ਼ਿਲ੍ਹਾ ਨਵਾਂਸ਼ਹਿਰ ਪੰਜਾਬ 'ਚ ਰਹਿੰਦੇ ਹਨ। ਉਹਨਾਂ ਕੋਲ ਹੀ ਉਹਨਾਂ ਦੇ ਪਿਤਾ ਜੀ ਸੰਤ ਅਮਰ ਸਿੰਘ ਜੋ ਉਮਰ ਕਰਕੇ 95-96 ਸਾਲ ਦੇ ਹਨ, ਰਹਿੰਦੇ ਹਨ ਤੇ ਉਹ ਹੀ ਸੇਵਾ ਕਰਦੇ ਹਨ। ਭਰਾ ਹਰਵੰਤ ਸਿੰਘ ਨੂੰ ਜਦੋਂ ਪਤਾ ਲੱਗਾ ਕਿ ਹੋਲੇ ਮਹੱਲੇ ਦੀ ਸੇਵਾ ਹਰਪਾਲ ਕੌਰ ਨੂੰ ਮਿਲੀ ਹੈ ਤੇ ਉਸਨੇ ਕਿਹਾ ਕਿ ਉਸਦਾ ਇਸ ਮੇਲੇ ਵਿਚ ਥੋੜ੍ਹਾ ਬਹੁਤ ਹਿੱਸਾ ਜ਼ਰੂਰ ਪਵਾ ਲਵੇ। ਸੋ ਸੰਤ ਹਰਵੰਤ ਸਿੰਘ ਨੇ ਵੀ ਹੋਲੇ ਮਹੱਲੇ ਦੀ ਇਸ ਸੇਵਾ ਵਿਚ ਹਿੱਸਾ ਪਾ ਕੇ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ।

ਇਹ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਹੀ ਹੈ ਕਿ ਬੀਬੀ ਹਰਪਾਲ ਕੌਰ ਕਨੇਡਾ ਵਿਚ ਰਹਿੰਦਿਆਂ ਹੋਇਆਂ ਸੁੱਚ, ਸੋਧ ਮਰਯਾਦਾ ਦੀ ਧਾਰਨੀ, ਸੇਵਾ ਸਿਮਰਨ ਕਰਨ ਵਾਲੀ, ਨਿੰਦਾ, ਚੁਗਲੀ, ਈਰਖਾ ਤੋਂ ਦੂਰ ਰਹਿ ਕੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਦਸਵੰਧ ਕੱਢਣ ਤੋਂ ਵੀ ਪਿਛੇ ਨਹੀਂ ਰਹੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਦੀ ਪਾਤਰ ਬੀਬੀ ਹਰਪਾਲ ਕੌਰ ਤੇ ਏਸੇ ਤਰ੍ਹਾਂ ਹੀ ਸੇਵਾ ਕਰਨ ਦੀ ਕਿਰਪਾ ਬਣੀ ਰਹੇ।

–ਗੁਰਦੀਪ ਸਿੰਘ ਨਾਮਧਾਰੀ, ਕਨੇਡਾ

## ਪ੍ਰਵਚਨ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

# ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ

ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਪਾਠ ਹੋਏ, ਕੋਈ ਪਾਠ ਰਹਿ ਗਿਆ ਕਿਸੇ ਮਾਈ ਕੋਲੋਂ। ਸਤਿਗੁਰੂ ਜੀ ਦਰਸ਼ਨ ਦੇਕੇ ਹੁਕਮ ਦਿਤਾ, ਫਲਾਣੀ ਜਗ੍ਹਾ ਉਹ ਤੁਕ ਪਈ ਹੈ ਜਿਹੜੀ ਉਸ ਮਾਈ ਨੂੰ ਦਿੱਤੀ ਸੀ। ਫਿਰ ਉਥੋਂ ਲੈ ਕੇ ਤੁਕ, ਉਹਦਾ ਪਾਠ ਪੂਰਾ ਕੀਤਾ। ਇਹ ਤੁਕਾਂ ਨੇ ਜਿਨ੍ਹਾਂ ਚੋਂ ਸਾਨੂੰ ਬੜਾ ਕੁਛ ਪ੍ਰਾਪਤ ਹੁੰਦੈ। ਜੇ ਸਤਿਗੁਰੂ ਕਿਰਪਾ ਕਰੇ। ਉਸ ਨੇ ਆਪਣੇ ਆਪ ਨਹੀਂ ਦੱਸਿਆ ਕਿ ਮੈਂ ਏਥੇ ਪਈ ਹਾਂ। ਸਤਿਗੁਰਾਂ ਨੇ ਹੁਕਮ ਦਿੱਤਾ ਤਾਂ ਪਤਾ ਲੱਗਾ।


ਪੰਡਤ ਜੀ ਨੇ ਸਵੇਰੇ ਉਠ ਕੇ ਪੁਛਿਆ ਸੀ ਕਿ ਕਿੰਨੇ ਕੁ ਸਿੰਘ ਨੇ ਜਿਹੜੇ ਤਿੰਨ ਵਜੇ ਭਜਨ ਕਰਦੇ ਨੇ? ਜੇ ਅਸੀਂ ਡੰਡ ਬੈਠਕਾਂ ਲਾਉਂਦੇ ਹਾਂ ਸਾਡੇ ਡੌਲੇ ਪੱਟ ਤਿਆਰ ਹੁੰਦੇ ਨੇ। ਜੇ ਅਸੀਂ ਕੋਈ ਕੰਮ ਪੜ੍ਹਾਈ ਦਾ ਕਰਦੇ ਹਾਂ, ਸਾਨੂੰ ਪੜ੍ਹਾਈ ਵਿਚੋਂ ਕੁਛ ਪ੍ਰਾਪਤ ਹੁੰਦੈ। ਕਿੰਨਾਂ ਹੀ ਪੜ੍ਹ ਕੇ, ਥੋੜਾ ਜਿਹਾ ਆਦਮੀ ਲਿਖ ਸਕਦੈ। ਹਾਂ ਸਾਨੂੰ ਉਸਦਾ ਫਲ ਜਰੂਰ ਪ੍ਰਾਪਤ ਹੁੰਦੈ।

ਬੜਾ ਥੋੜ੍ਹਾ ਹੈ ਇਕ ਘੰਟਾ ਨਾਮ ਸਿਮਰਨ। ਇਕ ਘਰ ਦੇ ਵਿਚ ਗਿਆਰਾਂ ਜੀਅ ਨੇ। ਜੇ ਉਹ ਇਕ ਇਕ ਘੰਟਾ ਨਾਮ ਸਿਮਰਨ ਕਰਨ, ਗਿਆਰਾਂ ਘੰਟੇ ਤੁਹਾਡੇ ਇਕ ਘਰ ਦੇ ਵਿਚ ਨਾਮ ਸਿਮਰਨ ਹੁੰਦੈ। ਕਈ ਘਰ ਇਕੱਠੇ ਨੇ। ਦਸ-ਦਸ, ਵੀਹ-ਵੀਹ ਜੀਅ ਨੇ ਇੱਕਠੇ। ਵੀਹ ਘੰਟੇ ਨਾਮ ਸਿਮਰਨ ਜਿਸ ਘਰ ਵਿਚ ਹੋ ਜਾਏ ਫੇਰ ਉਥੇ ਕਿਹੜੀ ਗੱਲ ਦਾ ਘਾਟਾ ਹੈ।

**ਬਿਪਤਿ ਤਹਾ**
**ਜਹਾ ਹਰਿ ਸਿਮਰਨੁ ਨਾਹੀ।**
**ਕੋਟਿ ਅਨੰਦ ਜਹ**
**ਹਰਿ ਗੁਨ ਗਾਹੀ।।**

ਤੁਸਾਂ ਬਾਬਾ ਸਾਉਣ ਸਿੰਘ ਬਾਰੇ ਬਚਨ ਸੁਣੇ ਨੇ। ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਨਾਲ, ਤੁਸਾਂ, ਬਾਬਾ ਸਾਉਣ ਸਿੰਘ ਹੁਰਾਂ ਦੀਆਂ ਤਸਵੀਰਾਂ ਵੇਖੀਆਂ ਨੇ। ਬਾਬਾ ਜਵਾਲਾ ਸਿੰਘ ਹੁਰੀਂ ਸ੍ਰੀ ਭੈਣੀ ਸਾਹਿਬ ਬਹੁਤ ਹੀ ਦਰਸ਼ਨ ਦੇਂਦੇ ਸਨ। ਹੁਣ ਵੀ ਸੰਤ ਮਹਿੰਦਰ ਸਿੰਘ ਹੁਰੀਂ ਬਹੁਤ ਹੀ ਕਿਰਪਾ ਕਰਦੇ ਹਨ। ਆਪ ਆ ਕੇ ਸ੍ਰੀ ਭੈਣੀ ਸਾਹਿਬ ਦਰਸ਼ਨ ਦੇਂਦੇ ਨੇਂ। ਮੈਂ ਵੀ ਉਥੇ ਉਨ੍ਹਾਂ ਦੇ ਦਰਸ਼ਨ ਕਰ ਕੇ ਆਇਆਂ। ਸੰਤ ਮਹਿੰਦਰ ਸਿੰਘ ਹੁਰੀਂ, ਤੁਸੀਂ ਵੇਖੋ ਕਿਤੇ ਪੁਲ ਬਣਦਾ ਹੋਵੇ, ਕਿਤੇ ਲੇਬਰ ਲੱਗੀ ਹੋਵੇ, ਉਥੇ ਜਾ ਕੇ ਘਿਉ ਦੇ ਪੀਪੇ ਦਾ ਕੜਾਹ ਪ੍ਰਸ਼ਾਦ ਛਕਾਉਣ ਲੱਗ ਪੈਂਦੇ ਨੇ।

ਇਕ ਤੇਜਾ ਸਿੰਘ ਲਧਾਵਿਆਂ ਦਾ, ਚੜ੍ਹਾਈ ਕਰ ਗਿਆ ਹੈ ਉਹ। ਉਹਨੇ ਜਾ ਕੇ ਕਾਲਜ ਵਿਚ, ਭਾਂਡੇ ਮਾਂਜਣ ਲੱਗ ਪੈਣਾ, ਮੁੰਡਿਆਂ ਦੇ। ਯੂ.ਕੇ. ਦੇ ਕਿਸੇ ਸਿੱਖ ਨੇ ਪੁਛਿਆ- ਗੁਰਦੁਆਰੇ ਨਹੀਂ ਜਾਂਦਾ? ਆਂਹਦਾ, ਉਥੇ ਮੈਨੂੰ ਸੰਤ ਜੀ, ਸੰਤ ਜੀ ਆਖਕੇ ਮੇਰਾ ਸਾਰਾ ਕੰਮ ਖਰਾਬ ਕਰ ਦੇਂਦੇ ਨੇ। ਸਾਨੂੰ ਕੋਈ ਸੰਤ ਨਾ ਆਖੇ। ਇਸ ਤਰ੍ਹਾਂ ਦੇ ਜਿਹੜੇ ਸਾਧੂ ਨੇ ਉਹ ਸਾਨੂੰ ਰਸਤਾ ਵਿਖਾਉਂਦੇ ਨੇ। ਸਤਿਗੁਰਾਂ ਨੇ ਕਿਰਪਾ ਕਰਕੇ ਏਡੇ ਏਡੇ ਉੱਚੇ ਸਾਧੂ ਬਣਾਏ। ਕਿਸ ਤਰ੍ਹਾਂ ਫਾਂਸੀਆਂ ਤੇ ਚੜ੍ਹੇ ਉਨ੍ਹਾਂ ਨੂੰ ਡਰ ਹੀ ਨਹੀਂ ਆਇਆ ਮੌਤ ਤੋਂ। ਸਾਨੂੰ ਤੜਕੇ ਇਸ਼ਨਾਨ ਕਰਨ ਤੋਂ ਕਿੰਨਾ ਡਰ ਆਉਂਦੈ।



ਅੱਜ ਕੂਕੇ ਨੂੰ ਜੇ ਪੁਛੀਏ- ਤੜਕੇ ਇਸ਼ਨਾਨ ਕੀਤੈ? ਅੱਵਲ ਤੇ ਕੋਈ ਨਹਾਉਂਦਾ ਹੀ ਨਹੀਂ। ਜੇ ਨ੍ਹਾਤਾ ਮਿਲ ਹੀ ਜਾਏ ਤੁਹਾਨੂੰ ਤਾਂ ਪੁਛਿਆ ਕਰੋ, ਸਿਰ 'ਚ ਪਾਣੀ ਪਾਇਐ? "ਹਾਂ ਜੀ ਪਾਇਆ ਹੈ।" ਫੇਰ ਹੋਰ ਪੁਛਿਆ ਕਰੋ। "ਪਾਣੀ ਸਿਰ 'ਚ ਜੂੜਾ ਖੋਲ ਕੇ ਪਾਇਆ ਹੈ?" "ਨਹੀਂ ਜੀ- ਇਕ ਚੁਲ੍ਹੀ ਪਾਈ ਸੀ ਪਾਣੀ ਦੀ ਜੂੜਾ ਕਰਕੇ।" ਸਾਡੇ ਵਾਸਤੇ ਬਹੁਤ ਸੰਗ ਆਉਣ ਦੀ ਗੱਲ ਹੈ। ਤੜਕੇ ਉਠਣਾ, ਬਹੁਤਾ ਚਿਰ ਬੈਠ ਕੇ ਅਭਿਆਸ ਕਰਨਾ ਚੰਗੀ ਗੱਲ ਹੈ। ਪਰ ਉਸਤੋਂ ਪਹਿਲੋਂ ਇਸ਼ਨਾਨ ਜਰੂਰੀ ਹੈ। ਤੁਹਾਨੂੰ ਪੰਡਿਤ ਜੀ ਨੇ ਹੁਣੇ ਦੱਸਿਆ ਸੀ ਕਿ- **ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ।।** ਫੇਰ ਸਰੀਰ ਤੇ ਮਨ ਦੋਨੋਂ ਚੀਜ਼ਾਂ ਅਰੋਗ ਹੁੰਦੀਆਂ ਨੇ। ਅਸੀਂ ਹਰ ਵੇਲੇ ਰੋਗ ਦੇ ਗ੍ਰਸੇ ਹੋਏ ਹਾਂ। "ਹਉਮੈ ਰੋਗੁ" ਤੇ ਸਿੱਧਾ ਹੀ ਲਿਖਿਐ।

**ਮਾਨੁਖ ਕਉ ਦੀਨਾ।।** ਇਹ ਤੇ ਸਾਡੇ ਵਿਚ ਹੈ ਹੀ। ਤੁਸੀਂ ਤਗੜੇ ਹੋ ਕੇ, ਆਪਣੇ ਆਪਣੇ ਪਰਵਾਰ ਦੇ ਵਿਚ, ਕਰੜਾਈ ਕਰੋ। ਕੋਈ ਜੀਅ ਇਕ ਘੰਟਾ ਨਾਮ ਸਿਮਰਨ ਤੋਂ ਬਿਨਾ ਨਾ ਰਹੇ। ਜੇ ਤੁਹਾਡੇ ਘਰ ਵਿਚ ਇਕ ਬੱਚਾ ਹੋਵੇ। ਤੁਹਾਨੂੰ ਬੜੀ ਖੁਸ਼ੀ ਹੁੰਦੀ ਹੈ। ਤੁਹਾਨੂੰ ਨਾਲ ਹੀ ਇਹ ਖੁਸ਼ੀ ਆ ਜਾਣੀ ਚਾਹੀਦੀ ਹੈ ਕਿ ਏਸ ਬੱਚੇ ਦਾ ਇਕ ਘੰਟਾ ਨਾਮ ਸਿਮਰਨ ਪੂਰਾ ਕਰਿਆ ਕਰਨਾ ਹੈ। ਸੋ ਇੱਕ ਇੱਕ ਘੰਟਾ ਹਰ ਜੀਅ ਪ੍ਰਤੀ ਨਾਮ ਸਿਮਰਨ, ਇਕ ਇਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਹਰ ਘਰ ਪ੍ਰਤੀ ਹੋਣਾ ਚਾਹੀਦੈ। ਜਿਹੜੇ ਸ੍ਰੀ ਦਸਮ ਗ੍ਰੰਥ ਦਾ ਪਾਠ ਕਰ ਸਕਦੇ ਨੇ ਉਹ ਦਸਮ ਦਾ ਪਾਠ ਵੀ ਕਰਨ।

ਕੋਈ ਆਂਹਦਾ- ਮੈਂ ਮੁੰਡੇ ਨੂੰ ਬੀ.ਏ. ਪੜ੍ਹਾ ਲੈਣਾ ਹੈ, ਐਮ.ਏ. ਕਰਾ ਲੈਣਾ ਹੈ, ਵਲੈਤ ਭੇਜ ਦੇਣਾ ਹੈ। ਗੁਰਮੁਖੀ ਦੇ ਅੱਖਰ ਹੀ ਨਾ ਆਉਂਦੇ ਹੋਣ, ਅਰਦਾਸ ਹੀ ਨਹੀਂ ਆਉਂਦੀ। ਇਹ ਕੋਈ ਤਰੀਕਾ ਹੈ ਸਿਖੀ ਦਾ? ਸਤਿਗੁਰਾਂ ਦੇ ਉਪਦੇਸ਼ 'ਚ ਤੁਸਾਂ ਸੁਣਿਐ ਕਿ ਪੱਗਾਂ ਸਾਡੇ ਨਾਲੋਂ ਵੱਧ ਸਿੱਧੀਆਂ ਪਾਰਸੀ ਬੜੀਆਂ ਬੰਨ੍ਹਦੇ ਨੇ। ਦਾੜ੍ਹੀਆਂ ਕਈ ਮੁਸਲਮਾਨਾਂ ਦੀਆਂ, ਇਸਾਈਆਂ ਦੀਆਂ ਬੜੀਆਂ ਵੱਡੀਆਂ ਵੱਡੀਆਂ, ਸਾਡੇ ਨਾਲੋਂ ਭਾਰੀਆਂ ਨੇ। ਇਹ ਰੱਖਣੀਆਂ ਨੇ ਅਸਾਂ। ਪਰ ਨਾਲ ਹੀ ਤੱਥ ਦੀ ਗੱਲ ਜੇਹੜੀ ਹੈ ਉਹ ਵੀ ਅਸਾਂ ਪ੍ਰਾਪਤ ਕਰਨੀ ਹੈ।

ਸੋ ਤੜਕੇ ਉਠਿਆ ਕਰੋ। ਸਣੇ ਕੇਸੀ ਇਸ਼ਨਾਨ ਕਰਿਆ ਕਰੋ। ਨਾਮ ਸਿਮਰਨ ਵਾਸਤੇ ਬੈਠਿਆ ਕਰੋ। ਜਿਹੜਾ ਸਾਥੀ ਭਜਨ ਵੇਲੇ ਮੂੰਹ ਮੀਟੀ ਬੈਠਾ ਹੈ, ਉਸਨੂੰ ਆਖੋ ਰਸਨਾ ਹਿਲਾ ਕੇ ਭਜਨ ਕਰ। ਚੇਤਾ ਕਰਾ ਦਿਆ ਕਰੋ।

# ਗੁਰ ਕਿਰਪਾ ਤੇ ਮਿਲੈ ਵਡਿਆਈ..(ਬਾਕੀ ਸਫਾ 2 ਦੀ)

ਦਾ ਧਾਨ ਖਾਣ ਵਾਲਿਆਂ ਵਿਚ ਕਿਸ ਤਰ੍ਹਾਂ ਦੀਆਂ ਕਮੀਆਂ ਕਮਜ਼ੋਰੀਆਂ ਪੈਦਾ ਹੋ ਜਾਂਦੀਆਂ ਹਨ, ਇਸ ਬਾਰੇ ਕਿਸੇ ਨੇ ਲਿਖਿਆ ਹੈ :

*ਲੰਗਰ ਦੀਆਂ ਪਰਸਾਦੀਆਂ*
*ਤਿੰਨ ਕੰਮ ਕਰੇਨ*
*ਹੱਡ ਗਾਲ੍ਹਣ, ਮੱਤ ਮਾਰਨ,*
*ਕੰਮ ਕਰਨ ਦਾ ਦੇਣ।*

ਐਸਾ ਵਿਅਕਤੀ ਨਾ ਕੋਈ ਉਸਾਰੂ ਗੱਲ ਸੋਚ ਸਕਦਾ ਹੈ, ਨਾ ਕੋਈ ਚੰਗੀ ਗੱਲ ਕਰ ਸਕਦਾ ਹੈ ਤੇ ਨਾ ਹੀ ਸਿਰ ਉਠਾ ਕੇ ਵਿਚਰ ਸਕਦਾ ਹੈ।

ਕੰਮ ਤਾਂ ਮੰਗਤਿਆਂ ਦੇ ਵੀ ਸਰਦੇ ਹਨ। ਉਹ ਸਮਝਦੇ ਹਨ ਕਿ ਸ਼ਾਮ ਤੱਕ ਖਾਣ ਜੋਗੀਆਂ ਰੋਟੀਆਂ ਮੰਗ ਲਈਆਂ ਤੇ ਵਿਹਲੇ ਪੈ ਛੱਡਿਆ। ਉਂਜ ਕਈ ਮੰਗਤਿਆਂ ਨੂੰ ਕਿਸੇ ਮਾਲਕ ਵਲੋਂ ਮੰਗਣ ਦਾ ਕੰਮ ਦਿੱਤਾ ਜਾਂਦਾ ਹੈ। ਉਹਨਾਂ ਨੂੰ ਥਾਂ ਥਾਂ ਚੌਕਾਂ ਵਿਚ, ਗਲੀ ਦੇ ਮੋੜਾਂ 'ਤੇ ਬਿਠਾਇਆ ਜਾਂਦਾ ਹੈ ਤਾਂ ਕਿ ਉਹ ਲੋਕਾਂ ਦੇ ਤਰਸ ਦੇ ਪਾਤਰ ਬਣ ਸਕਣ ਅਤੇ ਉਹਨਾਂ ਦੀਆਂ ਜੇਬਾਂ ਵਿਚੋਂ ਪੈਸੇ ਕਢਾ ਸਕਣ। ਇਹ ਵੀ ਸੁਣਿਆ ਹੈ ਕਿ ਜੇ ਕਿਸੇ ਦਿਨ ਕੋਈ ਮੰਗਤਾ ਘਟ ਕਮਾਈ ਕਰੇ ਤਾਂ ਉਸ ਦੇ ਮਾਲਕ ਵਲੋਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਉਂਜ ਇਕ ਬੰਦੇ ਬਾਰੇ ਇਹ ਵੀ ਪਤਾ ਲੱਗਾ ਹੈ ਕਿ ਉਹ ਗਰੀਬੜਾ ਜਿਹਾ ਸੀ। ਮੈਲੇ ਜਿਹੇ ਕਪੜੇ। ਉਹ ਇਕ ਵੱਡੇ ਸ਼ਹਿਰ ਵਿਚ ਚਲਾ ਗਿਆ। ਕੋਈ ਉਸ ਦਾ ਜਾਣਕਾਰ ਤੇ ਹਮਦਰਦ ਨਹੀਂ ਸੀ। ਜਦੋਂ ਉਸ ਨੂੰ ਭੁੱਖ ਨੇ ਸਤਾਇਆ ਤਾਂ ਉਹ ਇਕ ਅੰਨ੍ਹੇ ਮੰਗਤੇ ਕੋਲ ਜਾ ਕੇ ਖਲੋ ਗਿਆ। ਸੋਚ-ਸੋਚ ਕੇ ਕਿ ਮੰਗਤੇ ਦੇ ਪੈਸੇ ਚੁੱਕਾਂ ਕਿ ਨਾ, ਆਖਿਰ ਉਸ ਨੇ ਮੰਗਤੇ ਦੇ ਕੌਲੇ ਵਿਚੋਂ ਪੈਸੇ ਚੁੱਕਣ ਲਈ ਹੱਥ ਵਧਾਇਆ। ਮੰਗਤੇ ਨੇ ਉਸ ਦਾ ਹੱਥ ਫੜ ਲਿਆ। ਉਹ ਵੀ ਝੱਟ ਉਸ ਤੋਂ ਦੂਰ ਕੁਝ ਦੂਰ ਮੈਲਾ ਜਿਹਾ ਲੀੜਾ ਵਿਛਾ ਕੇ ਅੱਖਾਂ ਮੀਟ ਕੇ ਬੈਠ ਗਿਆ ਤੇ ਆਖਣ ਲਗਾ, "ਏ ਬਾਬਾ ! ਕੋਈ ਦੇਣਾ ਅੰਧੇ ਮੁਥਾਜ ਕੋ।" ਸਿਆਣਿਆ ਦਾ ਇਹ ਵੀ ਕਥਨ ਹੈ ਕਿ ਦੇਸ਼ ਚੋਰੀ ਪਰਦੇਸ ਭਿੱਖਿਆ ਪਰ ਇਹ ਕਿੰਨਾ ਕੁ ਠੀਕ ਹੈ? ਕੀ ਕੋਈ ਇੱਜ਼ਤਦਾਰ ਵਿਅਕਤੀ ਇਸ ਨੂੰ ਪੇਸ਼ੇ ਵਜੋਂ ਅਪਨਾ ਸਕਦਾ ਹੈ?

ਕੰਮ ਕਰਾਉਣ ਲਈ ਤੇ ਸਿਫਾਰਸ਼ਾਂ ਵੀ ਪਾਈਆਂ ਜਾਂਦੀਆਂ ਹਨ। ਇਹ ਸਿਫਾਰਸ਼ਾਂ ਵੱਡੇ ਅਫਸਰਾਂ, ਰਿਸ਼ਤੇਦਾਰਾਂ, ਮਿੱਤਰਾਂ ਸਭ ਦੀਆਂ ਹੁੰਦੀਆਂ ਹਨ। ਇਹ ਸਿਫਾਰਸ਼ ਉਸ ਦੀ ਹੀ ਕੀਤੀ ਜਾਂਦੀ ਹੈ ਜਿਸ ਦਾ ਕੰਮ ਨਜਾਇਜ਼ ਹੋਵੇ, ਜਿਸ ਨੇ ਕਿਸੇ ਦੂਜੇ ਦਾ ਹੱਕ ਮਾਰਨਾ ਹੋਵੇ। ਜਾਂ ਨਾ-ਹੱਕ ਹੀ ਕੋਈ ਲਾਭ ਲੈਣਾ ਹੋਵੇ ਪਰ ਜੇ ਤਾਂ ਉਸ ਦਾ ਕੰਮ ਹੋ ਗਿਆ ਤਾਂ ਉਹ ਸਮਝਦਾ ਹੈ ਕਿ ਇਹ ਤਾਂ ਕੰਮ ਹੋ ਹੀ ਜਾਣਾ ਸੀ। ਪੰਜਾਬੀ ਦਾ ਅਖਾਣ ਹੈ-ਕੋਠਾ ਉਸਰਿਆ, ਤਰਖਾਣ ਵਿਸਰਿਆ।

ਕੰਮ ਭਰੱਪੀ ਵੀ ਕਰਦੀ ਹੈ, ਭਾਈਚਾਰਾ ਵੀ ਕਰਦਾ ਹੈ। ਮਨੁੱਖੀ ਕੰਮ, ਲੋੜਾਂ ਜਾਂ ਪ੍ਰਾਪਤੀਆਂ ਸਿਰਫ਼ ਆਰਥਿਕ ਹੀ ਨਹੀਂ ਹੁੰਦੀਆਂ, ਇਹ ਸਮਾਜਿਕ ਵੀ ਹੁੰਦੀਆਂ ਹਨ, ਰਾਜਨੀਤਕ ਵੀ ਹੁੰਦੀਆਂ ਹਨ। ਕੁਝ ਕਰਨ 'ਤੇ ਜੀਅ ਕਰਦਾ ਹੈ, ਕੁਝ ਬਣਨ 'ਤੇ ਜੀਅ ਕਰਦਾ ਹੈ, ਕੁਝ ਆਦਰ ਮਾਣ ਪ੍ਰਾਪਤ ਕਰਨ 'ਤੇ ਜੀਅ ਕਰਦਾ ਹੈ, ਕੁਝ ਦਾ ਹੋ ਜਾਂਦਾ ਹੈ, ਕੁਝ ਦਾ ਰਹਿ ਜਾਂਦਾ ਹੈ। ਜਿਸ ਦਾ ਹੋ ਜਾਂਦਾ ਹੈ ਉਹ ਆਪਣੇ ਆਪ ਨੂੰ ਹੌਲੀ ਹੌਲੀ ਆਪਣੇ ਆਪ ਨੂੰ ਕੁਝ ਦਾ ਕੁਝ ਸਮਝਣ ਲਗਦਾ ਹੈ ਦੋਹਾਂ ਅੰਦਰ ਆਪਣੀ ਆਰਥਿਕ ਅਮੀਰੀ, ਰਾਜਨੀਤਕ ਉਚਤਾ, ਸਮਾਜਕ ਵਡਿਆਈ ਦਾ ਹੰਕਾਰ ਵਧਣ ਫੂਲਣ ਲਗਦਾ ਹੈ। ਜਿਹੜਾ ਰਾਜਨੀਤੀ ਵਾਲੇ ਨੂੰ ਤਾਂ ਤਪੋਂ ਰਾਜ ਤੇ ਰਾਜੋਂ ਨਰਕ ਵੱਲ ਲੈ ਜਾਂਦਾ ਹੈ, ਦੂਜਿਆਂ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

ਪਰ ਕੀ ਸੰਸਾਰਕ ਤੌਰ ਤੇ ਮਦਦ, ਲਿਹਾਜ਼, ਰਈ, ਦਾਨ ਲੈਣ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ? ਲੋੜ ਪੂਰੀ ਹੋਣਾ, ਪੱਖ ਦੀ ਪੂਰਤੀ ਹੋਣਾ, ਰਿਸ਼ਵਤ ਦੇਣਾ, ਮੰਗਣਾ ਆਦਿ ਦਾ ਕਿੰਨਾ ਕੁ ਵੱਡਾ ਥਾਂ ਹੈ? ਜੇ ਕਿਸੇ ਵੀ ਸਾਧਨ ਨਾਲ ਕੁਝ ਪ੍ਰਾਪਤੀ ਹੋ ਜਾਏ ਤਾਂ ਕਿਰਪਾ ਦੇ ਮੁਕਾਬਲੇ ਕਿਥੇ ਕੁ ਖਲੋਂਦੀ ਹੈ?

ਕਿਰਪਾ ਕਰਨ ਵਾਲਾ ਬਖਸ਼ਸ਼ ਹੀ ਕਰਦਾ ਹੈ, ਮਿਹਰ ਹੀ ਕਰਦਾ ਹੈ, ਦਿਆਲਤਾ ਹੀ ਵਖਾਉਂਦਾ ਹੈ। ਉਹ ਨਾ ਕਿਸੇ ਦਾ ਲਿਹਾਜ਼ ਕਰਦਾ ਹੈ, ਨਾ ਲੋੜ ਪੂਰੀ ਕਰਦਾ ਹੈ, ਨਾ ਰਈ, ਨਾ ਰਿਆਇਤ, ਨਾ ਪੱਖਪਾਤ। ਉਹ ਉਧਾਰ ਨਹੀਂ ਦੇਂਦਾ, ਨਾ ਉਹ ਕਰਜ਼ ਦੇਂਦਾ ਹੈ। ਉਸ ਨੂੰ ਰਿਸ਼ਵਤ ਦੇਣ ਦੀ ਲੋੜ ਨਹੀਂ। ਜੇ ਸਾਡੀ ਮਨ ਮੰਗੀ ਮੁਰਾਦ ਪੂਰੀ ਹੋ ਜਾਂਦੀ ਹੈ ਤੇ ਉਹ ਸਾਡੀਆਂ ਚਿਤਵੀਆਂ ਪ੍ਰਾਪਤੀਆਂ ਤੋਂ ਕਿਤੇ ਉਤਾਂਹ ਦੀ ਗੱਲ ਹੈ। ਬਖ਼ਸ਼ਸ਼ ਦਾ ਕੋਈ ਮੁੱਲ ਨਹੀਂ, ਬਖਸ਼ਸ਼ ਦਾ ਕੋਈ ਮੁਕਾਬਲਾ ਨਹੀਂ। ਬਖਸ਼ਸ਼ ਦੇ ਕੁਝ ਵੀ ਤੁਲ ਨਹੀਂ। ਉਹ ਤਾਂ ਉਸ ਦੀਆਂ ਮਿਹਰਾਂ ਦਾ ਵਸਿਆ ਮੀਂਹ ਹੈ ਜਿਸ ਨੇ ਟਿੱਬੇ ਨਹੀਂ ਵੇਖਣੇ, ਨਦੀਆਂ ਨਹੀਂ ਵੇਖਣੀਆਂ, ਪਹਾੜ ਨਹੀਂ ਵੇਖਣੇ, ਜਦੋਂ ਵੱਸਣਾ ਹੈ, ਨਿੰਮੀ ਨਿੰਮੀ ਫੁਹਾਰ ਪਾਉਣੀ ਹੈ ਤਾਂ ਸੁਗੰਧ ਸਮੀਰ ਚੱਲਣ ਦਾ ਅਹਿਸਾਸ ਕਰਨ ਵਾਲੇ ਨੂੰ ਵਖਰਾ ਹੀ ਨਸ਼ਾ ਹੋਣਾ ਹੈ ਬਸ-

***-ਜਿਸ ਨੋ ਬਖਸੇ***
***ਸਿਫਤਿ ਸਾਲਾਹ।।***
***ਨਾਨਕ ਪਾਤਿਸਾਹੀ ਪਾਤਿਸਾਹੁ।।***
***(ਮਹਲਾ 1)***

***-ਗੁਰ ਕਿਰਪਾ ਤੇ***
***ਮਿਲੈ ਵਡਿਆਈ***
*ਮਿਲੀ ਹੈ ਤਾਂ,*
***ਹਉਮੈ ਰੋਗੁ ਨ ਤਾਹਾ ਹੇ।।***
***ਮਹਲਾ 3***

ਜਿਸ ਨੂੰ ਬਖਸ਼ਸ਼ ਦਾ ਆਨੰਦ ਮਾਨਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਉਸ ਉਤੇ ਹੰਕਾਰ, ਹਉਮੈ, ਅਹੰ, ਅਭਿਮਾਨ, ਖੁਦਪ੍ਰਸਤੀ, ਗੁਮਾਨ, ਖੁਦਗਰਜ਼ੀ, ਘੁਮੰਡ, ਗਰਵ ਸਵਾਰ ਨਹੀਂ ਹੁੰਦੇ ਸਗੋਂ ਉਹ ਉਹਨਾਂ ਉਤੇ ਸਵਾਰ ਹੁੰਦਾ ਹੈ, ਉਹਨਾਂ ਨੂੰ ਨੱਥ ਕੇ ਰੱਖਦਾ ਹੈ ਤੇ ਸ਼ੁਕਰਾਨਾ ਕਰਦਾ ਹੈ ਦੇਣਹਾਰ ਦਾਤਾਰ ਦਾ। ■

# ਯਾਦਗਾਰੀ ਸਨਮਾਨ ਪੁਰਸਕਾਰ... (ਬਾਕੀ ਸਫਾ 1 ਦੀ)

ਪੰਡਤ ਯਾਦਵਿੰਦਰ ਸਿੰਘ ਨੇ ਆਪਣੇ ਪਿਤਾ ਪੰਡਤ ਹਰਭਜਨ ਸਿੰਘ ਬਾਰੇ ਬੜੇ ਮਿੱਠੇ ਸ਼ਬਦਾਂ ਵਿੱਚ ਦੱਸਿਆ ਕਿ ਉਹ ਵਿਦਵਤਾ ਭਰਪੂਰ ਇਤਿਹਾਸ ਦੀ ਵਿਆਖਿਆ ਬੜੀ ਹਲੀਮੀ ਨਾਲ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਹਨ। ਸੰਗਤ ਦੀ ਸੇਵਾ ਵਿੱਚ ਰੁਝੇ ਰਹਿਣਾ ਉਨਾਂ ਦੇ ਸੁਭਾਵ ਦਾ ਵਿਸ਼ੇਸ਼ ਹਿੱਸਾ ਹੈ।

ਪੰਡਤ ਯਾਦਵਿੰਦਰ ਸਿੰਘ ਨੇ ਸੰਸਕ੍ਰਿਤ ਦੀ ਵਿਦਿਆ ਸੰਪੂਰਨਾ ਨੰਦ ਵਿਸ਼ਵ ਵਿਦਿਆਲਯ ਬਨਾਰਸ ਤੋਂ ਡਾਕਟਰੇਟ ਕੀਤੀ ਹੈ। ਧਰਮ ਦੀ ਵਿਆਖਿਆ ਬੜੇ ਸੁਘੜ ਤਰੀਕੇ ਨਾਲ ਕਰਦੇ ਹਨ।

ਇਸੇ ਸਮੇਂ ਪੰਡਤ ਹਰਭਜਨ ਸਿੰਘ ਜੀ ਨੂੰ ਮਾਸਟਰ ਜੀ ਦੇ ਸਪੁੱਤਰਾਂ ਵੱਲੋਂ ਲਿਆਂਦਾ ਸਨਮਾਨ ਚਿੰਨ ਤੇ ਮਾਇਆ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਹਸਤ ਕਮਲਾਂ ਦੁਆਰਾ ਬਖ਼ਸ਼ਸ਼ ਕੀਤਾ ਗਿਆ।

ਅੱਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਬਖ਼ਸ਼ੀ ਗੁਰ ਮਰਯਾਦਾ ਸਹਿਤ ਤਿੰਨ ਲੜਕੇ ਲੜਕੀਆਂ ਦੇ ਅਨੰਦ ਕਾਰਜ ਹੋਏ।

-ਮਨਜੀਤ ਸਿੰਘ ਰਾਗੀ

# ਸ੍ਰੀ ਰਾਮ ਚਰਿਤ ਮਾਨਸ (ਰਮਾਇਣ)

(ਪਿਛੋਂ ਤੋਂ ਅਗੇ) ਪੰਜਾਬੀ ਅਨੁਵਾਦਕ

ਮਾਸਟਰ ਅਮਰੀਕ ਸਿੰਘ

## ਅਜੁਧਿਆ ਨਗਰੀ ਤੇ ਰਾਜਾ ਦਸਰਥ

**ਦਸਰਥ ਚੱਕਰਵਰਤੀ ਰਾਜਾ ਕਿਸੇ ਨ ਉਸਨੂੰ ਜਿੱਤਿਆ,**
**ਪਿਆਰ ਅਤੇ ਸਤਕਾਰ ਦੀ ਥਾਵੇਂ ਪਰਜਾ ਉਸ ਨੂੰ ਮਿਥਿਆ।**
**ਪੁੱਛ ਬ੍ਰਾਹਮਣਾਂ ਕੋਲੋਂ ਰਾਜਾ ਹਵਨ ਜੱਗ ਵੀ ਕਰਦਾ,**
**ਗਊਆਂ ਬਸਤਰ ਬ੍ਰਾਹਮਣਾਂ ਨੂੰ ਦੇ ਘਰ ਉਹਨਾਂ ਦੇ ਭਰਦਾ।**

(ਚਲਦਾ)

# ਸ਼ਹੀਦ ਬਿਸ਼ਨ ਸਿੰਘ ਦੀ ਲਾਸਾਨੀ ਸ਼ਹਾਦਤ...(ਬਾਕੀ ਸਫਾ 1 ਦੀ)

ਮਲੇਰਕੋਟਲੇ ਲੜਾਈ-

੧੫ ਜਨਵਰੀ ੧੮੭੨ ਈ. ਨੂੰ ਮਲੇਰਕੋਟਲੇ ਵਿੱਚ ਕੂਕੇ ਸਿੰਘਾਂ ਦੀ ਕੋਟਲੇ ਦੇ ਕੋਤਵਾਲ ਤੇ ਸਿਪਾਹੀਆਂ ਨਾਲ ਹੱਥੋ ਹੱਥ ਦੀ ਲੜਾਈ ਵਿੱਚ ਸਰਕਾਰੀ ਰਿਕਾਰਡ ਅਨੁਸਾਰ, ੨੩ ਮੁਸਲਮਾਨ ਮਾਰੇ ਗਏ ਜਾਂ ਜ਼ਖਮੀ ਹੋਏ, ੯ ਸਿੰਘ ਖੇਤ ਰਹੇ ਜਾਂ ਫੱਟੜ ਹੋਏ। ਬਾਕੀ ਸਿੰਘ ਰੜ ਪਿੰਡ ਦੇ ਥੇਹ ਕੋਲ ਪੁਜੇ, ਇਹਨਾਂ ਵਿੱਚ ਰੜ ਦਾ ਬਿਸ਼ਨ ਸਿੰਘ ਵੀ ਸੀ। ਇਸ ਪਿੰਡ ਦੇ ਹੋਰ ਪੰਜ ਸਿੰਘ ਵੀ ਸਨ। ਸਣੇ ਬਿਸ਼ਨ ਸਿੰਘ ਇਹਨਾਂ ਵਿੱਚੋਂ ੩੧ ਕੁ ਸਿੰਘਾਂ ਨੂੰ ਕੋਟਲੇ ਦੀ ਲੜਾਈ ਵਿੱਚ ਸੱਟਾਂ ਲਗੀਆਂ ਸਨ।

ਦੇਸ਼ ਅਤੇ ਗਊ-ਗਰੀਬ ਦੀ ਰੱਖਿਆ ਲਈ ਮਲੇਰਕੋਟਲੇ ਵਿਖੇ ੬੬ ਨਾਮਧਾਰੀ ਸਿੰਘਾਂ ਨੂੰ ਤੋਪਾਂ ਸਾਹਮਣੇ ਖੜ੍ਹੇ ਕਰਕੇ ਉਡਾ ਦਿੱਤਾ ਗਿਆ। ਪਹਿਲੇ ਦਿਨ ਅਰਥਾਤ ੧੭ ਜਨਵਰੀ, ੧੮੭੨ ਨੂੰ ੫੦ ਸਿੰਘਾਂ ਅਤੇ ਦੂਜੇ ਦਿਨ ੧੬ ਸਿੰਘਾਂ ਦੀ ਸ਼ਹੀਦੀ ਹੋਈ। ੨ ਮਾਈਆਂ ਨੂੰ ਪਟਿਆਲਾ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਸ਼ਹਾਦਤ ਦੀਆਂ ਲਾਸਾਨੀ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ ਨੂੰ ਹੋਰ ਗੌਰਵਮਈ ਟਿੱਕਾ ਲਾ ਦਿੱਤਾ। ੧੭ ਜਨਵਰੀ ਨੂੰ ਜਦੋਂ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ, ਤਾਂ ੧੨ ਕੁ ਸਾਲ ਦੇ ਬਾਲਕ ਬਿਸ਼ਨ ਸਿੰਘ ਦੀ ਵਾਰੀ ਵੀ ਆ ਗਈ। ਸਫੈਦ ਕੱਪੜਿਆਂ ਵਿੱਚ ਛੋਟੀ ਉਮਰ ਦਾ ਬਾਲਕ ਬਹੁਤ ਸੋਹਣਾ ਲੱਗ ਰਿਹਾ ਸੀ। ਸ਼ਹੀਦੀ ਸਾਕੇ ਨੂੰ ਵੇਖਣ ਲਈ ਕਾਵਨ ਦੀ ਮੇਮ ਵੀ ਆਈ ਹੋਈ ਸੀ। ਜਦੋਂ ਉਸ ਨੇ ੧੨ ਸਾਲ ਦੇ ਬਾਲਕ ਨੂੰ ਤੋਪ ਵੱਲ ਜਾਂਦਿਆਂ ਵੇਖਿਆ ਤਾਂ ਉਸਦਾ ਮਾਂ ਵਾਲਾ ਦਿਲ ਛਲਕ ਉਠਿਆ। ਉਸਨੇ ਕਾਵਨ ਕੋਲ ਜਾ ਕੇ ਆਖਿਆ ਕਿ ਇਸ ਬੱਚੇ ਨੂੰ ਨਾ ਉਡਾਇਆ ਜਾਵੇ। ਇਹ ਬੱਚਾ ਲੜਾਈ ਝਗੜੇ ਦਾ ਹਿੱਸਾ ਨਹੀਂ ਹੋ ਸਕਦਾ, ਨਿਰਦੋਸ਼ ਜਾਪਦਾ ਹੈ ਜੋ ਭੀੜ ਦੇ ਨਾਲ ਰਲ ਗਿਆ ਹੈ। ਇਸ ਨੂੰ ਛੱਡ ਦਿਉ। ਕਾਵਨ ਨੇ ਆਪਣੀ ਮੇਮ ਨੂੰ ਆਖਿਆ ਕਿ ਜੇ ਇਹ ਕਹਿ ਦੇਵੇ ਕਿ ਇਹ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਮੈਨੂੰ ਐਵੇਂ ਫੜਿਆ ਗਿਆ ਹੈ, ਤਾਂ ਮੈਂ ਇਸ ਨੂੰ ਛੱਡ ਦਿਆਂਗਾ।ਮੇਮ ਨੇ ਇਹੀ ਗੱਲ ਬਾਲਕ ਨੂੰ ਸਮਝਾਈ ਕਿ ਤੂੰ ਛੋਟਾ ਏਂ ਅਜੇ ਬੜੀ ਜ਼ਿੰਦਗੀ ਜੀਣ ਨੂੰ ਪਈ ਏ। ਮੈਂ ਤੈਨੂੰ ਛੁਡਾ ਦਿਆਂਗੀ ਜੇ ਤੂੰ ਕਾਵਨ ਨੂੰ ਆਖ ਦੇਵੇਂ ਕਿ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ।' ਬੱਚਾ ਕੁੱਝ ਸੋਚਕੇ ਰੋ ਵਿੱਚ ਆ ਗਿਆ ਪਰ ਉਸਨੇ ਬੜੀ ਹਲੀਮੀ ਨਾਲ ਮੇਮ ਨੂੰ ਆਖਿਆ ਕਿ ਮੈਂ ਸਾਹਬ ਦੇ ਕੰਨ ਵਿੱਚ ਆਖਾਂਗਾ। ਕਾਵਨ ਪਾਦਰੀ ਸੀ ਜਿਸ ਨੇ ਲੰਮੀ ਦਾਹੜੀ ਰੱਖੀ ਹੋਈ ਸੀ। ਜਦੋਂ ਮੇਮ ਨੇ ਆਖਿਆ ਕਿ ਇਹ ਬੱਚਾ ਤੇਰੇ ਕੰਨ ਵਿੱਚ ਕੋਈ ਗੱਲ ਕਹਿਣਾ ਚਾਹੁੰਦਾ ਹੈ ਤਾਂ ਛੇਤੀ ਨਾਲ ਉਸ ਦੀ ਗੱਲ ਸੁਣਨ ਲਈ ਕਾਵਨ ਝੁਕਿਆ। ਸਿਰ ਨੀਵਾਂ ਕਰਦਿਆਂ ਹੀ ਉਸ ਵੀਰ ਬਾਲਕ ਨੇ ਝਪਟ ਕੇ ਕਾਵਨ ਦੀ ਦਾਹੜੀ ਫੜ ਲਈ ਅਤੇ ਜ਼ੋਰ ਨਾਲ ਕਿਹਾ "ਬਿਲਿਆ ਤੂੰ ਫੇਰ ਆਖੇਂਗਾ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ? ਮੈਂ ਗੁਰੂ ਰਾਮ ਸਿੰਘ ਦਾ ਸਿੱਖ ਹਾਂ, ਮਰਨੋ ਨਹੀਂ ਡਰਦਾ।" ਸੰਤ ਸੰਤੋਖ ਸਿੰਘ ਬਾਹੋਵਾਲ 'ਸਤਿਗੁਰੂ ਬਿਲਾਸ ਭਾਗ ਪਹਿਲਾ' ਵਿੱਚ ਬਿਸ਼ਨ ਸਿੰਘ ਦੀ ਸ਼ਹੀਦੀ ਬਾਰੇ ਲਿਖਦੇ ਹਨ: "ਬਿਸ਼ਨ ਸਿੰਘ ਨੇ ਫ਼ਰੰਗੀ ਨੂੰ ਕਹਿਆ ਕੇ ਮੇਰੀ ਅਰਜ ਹੈ। ਫ਼ਰੰਗੀ ਅੱਗੇ ਹੋਇਕੇ ਸੁਣਨੇ ਲਗਾ। ਏਕ ਹਾਥ ਸੇ ਦਾੜ੍ਹੀ ਫੜ੍ਹੀ ਦੂਏ ਹੱਥ ਕੀ ਚਪੇੜ ਮਾਰੀ ਮੂੰਹ ਉੱਤੇ ਕਸ ਕੇ। ਉਸਦੀ ਟੋਪੀ ਦੂਰ ਜਾਇ ਪਈ। ਨਾਭੇ ਵਾਲੇ ਕਾ ਸਪਾਹੀ ਕੋਲ ਥਾ। ਤਿਸਨੇ ਸ੍ਰੀ ਸਾਹਿਬ ਮਾਰ ਕੇ ਸਿੰਘ ਕਾ ਸਿਰ ਜੁਦਾ ਕਰ ਦੀਆ। ਇਸ਼ਨਾਨ ਕਰਕੇ ਸਿੰਘਾਂ ਨੇ ਆਪੇ ਈ ਅੱਗੇ ਜਾਇ ਖੜੋਣਾ, ਤੋਪ ਦਗਦੀ ਨਾਲ ਸਤਿ ਸ੍ਰੀ ਅਕਾਲ ਬੁਲਾਉਣੀ। ਤੋਪ ਲਗਣੇ ਸੇ ਸਿੰਘਾਂ ਕੇ ਸਰੀਰ ਪੁਰਜਾ ਪੁਰਜਾ ਹੋਇਕੈ ਜਾਇ ਪੈਣੇ ਫਰਕ ਨਾਲ। ਕਾਵਨ ਨੂੰ ਔਖਿਆਈ ਵਿੱਚ ਦੇਖਕੇ ਕੋਲ ਖੜ੍ਹੇ ਸਿਪਾਹੀਆਂ ਉਸ ਬਾਲਕ ਦਾ ਹੱਥ ਛੁਡਾਉਣ ਦਾ ਯਤਨ ਕੀਤਾ ਪਰ ਉਸ ਬਾਲਕ ਦੀ ਮੁੱਠੀ ਏਨੀ ਸਖਤ ਸੀ ਕਿ ਸਿਪਾਹੀ ਬਾਲਕ ਦਾ ਹੱਥ ਨਾ ਛੁਡਾ ਸਕੇ। ਆਖਰ ਸਿਪਾਹੀਆਂ ਨੇ ਤਲਵਾਰ ਨਾਲ ਪਹਿਲਾਂ ਬੱਚੇ ਦੇ ਹੱਥ ਵੱਢੇ, ਫਿਰ ਉਸਨੂੰ ਕਤਲ ਕਰ ਦਿੱਤਾ। ਪ੍ਰਸਿੱਧ ਪ੍ਰਚਾਰਕ, ਕੀਰਤਨੀਏ ਅਤੇ ਉੱਘੇ ਕਵੀ ਸੰਤ ਕਰਮ ਸਿੰਘ 'ਬਾਲਮ' ਨੇ ਆਪਣੀ ਕਵਿਤਾ "ਮੈਂ ਸਿੱਖ ਹਾਂ ਗੁਰੂ ਦਾ ਤੇ ਸਿੱਖ ਹੀ ਰਹਾਂਗਾ" ਵਿੱਚ ਸ਼ਹੀਦ ਬਿਸ਼ਨ ਸਿੰਘ ਦੀ ਲਾਮਿਸਾਲ ਕੁਰਬਾਨੀ ਨੂੰ ਇੰਜ ਬਿਆਨ ਕੀਤਾ ਹੈ:

*ਤੋਪਾਂ ਦੇ ਅੱਗੇ ਉਡਾ ਦੇ ਤੂੰ ਮੈਨੂੰ।*
*ਸ਼ਹੀਦਾਂ ਦੀ ਵਸਤੀ ਪੁਚਾ ਦੇ ਤੂੰ ਮੈਨੂੰ।*
*ਤੂੰ ਮੈਨੂੰ ਸ਼ਹਾਦਤ ਦਾ ਪਿਆਲਾ ਪਿਲਾ ਦੇ।*
*ਤੇ ਅਰਜਨ ਗੁਰੂ ਜੀ ਦੀ ਵਸਤੀ ਪੁਚਾ ਦੇ।*
*ਮੈਂ ਹਰ ਟਾਇਮ ਹਰ ਪਹਿਰ ਹਰ ਪਲ ਕਹਾਂਗਾ।*
*ਮੈਂ ਸਿੱਖ ਹਾਂ ਗੁਰੂ ਦਾ ਤੇ ਸਿੱਖ ਹੀ ਰਹਾਂਗਾ*

*ਗੁਰੂ ਰਾਮ ਸਿੰਘ ਜੀ ਦਾ ਸਿੱਖ ਹਾਂ ਮੈਂ ਪੂਰਾ।*
*ਮੈਂ ਜੀਅ ਕੇ ਨਹੀਂ ਰੱਖਣਾ ਇਹ ਜੀਵਨ ਅਧੂਰਾ।*
*ਮੈਂ ਹਾਂ ਨਾਮਧਾਰੀ ਪੱਕਾ ਨਾਮਧਾਰੀ*
*ਗੁਰੂ ਰਾਮ ਸਿੰਘ ਜੀ ਤੋਂ ਜ਼ਿੰਦਗੀ ਹੈ ਵਾਰੀ।*
*ਮੈਂ ਸਿਰ ਉੱਤੇ ਸੌ ਵਾਰ ਸ਼ਸਤ੍ਰ ਸਹਾਂਗਾ।*
*ਮੈਂ ਸਿੱਖ ਹਾਂ ਗੁਰੂ ਦਾ ਤੇ ਸਿੱਖ ਹੀ ਰਹਾਂਗਾ*

*ਮੈਂ ਬੱਚਾ ਨਹੀਂ ਹਾਂ ਨਾ ਸਮਝੀਂ ਅੰਞਾਣਾ।*
*ਮੈਂ ਆਸ਼ਕ ਆਜ਼ਾਦੀ ਦਾ ਤੈਥੋਂ ਸਿਆਣਾ।*
*ਗੁਰੂ ਰਾਮ ਸਿੰਘ ਜੀ ਨੇ ਸਿਖਿਆ ਸਿਖਾਈ।*
*ਚੰਗੀ ਆਜ਼ਾਦੀ ਤੋਂ ਦੌਲਤ ਨ ਕਾਈ।*
*ਮੈਂ ਚੜ੍ਹ ਕੇ ਚਰਖੜੀ ਤੇ ਹੱਸ ਹੱਸ ਬਹਾਂਗਾ।*
*ਮੈਂ ਸਿੱਖ ਹਾਂ ਗੁਰੂ ਦਾ ਤੇ ਸਿੱਖ ਹੀ ਰਹਾਂਗਾ*

*ਐਸਾ ਰੁੱਗ ਕਾਵਨ ਦੀ ਦਾੜ੍ਹੀ ਨੂੰ ਪਾਇਆ।*
*ਖਿੱਚ ਕੇ ਹੇਠਾਂ ਨੂੰ ਜ਼ਿਮੀਂ ਤੇ ਵਗਾਇਆ*
*ਹੁਣ ਕਹੇਂਗਾ ਮੈਨੂੰ ਤੂੰ ਛੱਡ ਦੇ ਸਿੱਖੀ ਨੂੰ?*
*ਆਪਣੇ ਦਿਮਾਗੋਂ ਤੂੰ ਕੱਢ ਦੇ ਸਿੱਖੀ ਨੂੰ?*
*ਮੈਂ ਤੈਨੂੰ ਜਹੰਨਮ ਦੇ ਵਿੱਚ ਪੁਚਾਂਗਾ।*
*ਮੈਂ ਸਿੱਖ ਹਾਂ ਗੁਰੂ ਦਾ ਤੇ ਸਿੱਖ ਹੀ ਰਹਾਂਗਾ*

*ਲੱਗੇ ਛਡਾਵਣ ਪਰ ਦਾਹੜੀ ਨਾ ਛੱਡੇ।*
*ਆਖਰ ਬਹਾਦੁਰ ਦੇ ਫੜ ਹੱਥ ਵੱਢੇ।*
*ਲਈ ਤੇਗ ਤਿੱਖੀ ਧੜੋਂ ਸਿਰ ਉਡਾਇਆ।*
*ਜਾਂਦੇ ਹੋਏ ਸਿਖ ਨੇ ਬਚਨ ਇਹ ਸੁਣਾਇਆ।*
*ਮੈਂ 'ਬਾਲਮ' ਸ਼ਹੀਦਾਂ ਦੇ ਵਿਚਕਾਰ ਬਹਾਂਗਾ।*
*ਮੈਂ ਸਿੱਖ ਹਾਂ ਗੁਰੂ ਦਾ ਤੇ ਸਿੱਖ ਹੀ ਰਹਾਂਗਾ*

ਸ਼ਹੀਦ ਬਿਸ਼ਨ ਸਿੰਘ ਸਦਾ ਧਰੂ ਤਾਰੇ ਵਾਂਗ ਚਮਕਦਾ ਰਹੇਗਾ। ਪਰ ਉਸ ਦੀ ਕੁਰਬਾਨੀ ਲੈਣ ਵਾਲੇ ਦਾ ਨਾ ਤਖਤ ਰਿਹਾ ਹੈ ਨਾ ਤਾਜ। ■

# SATJUG
## WILL BE AVAILABLE
## ONLINE SOON

**In this fast paced, rapidly changing, digitalised world, we are all set to launch 'SATJUG WEEKLY' online. This online paper will help connect our readers all over world. With internet connection, you can access SATJUG paper through laptop, mobile or tabs and get news feed anywhere, anytime. Keep reading SATJUG for more information.**

## PILGRIMAGE TO SRI BHAINI SAHIB

Devotion to work, to promotion, to higher education, to family, to buying a bigger property or a new car. But how about devotion to God (Akaalpurakh, Satguru) and the congregation (Sadh Sangat).

When I travelled to India it was to leave these things behind, after remaining a decade away from Sri Bhaini Sahib, something which urged me to go and go alone. Not knowing where I was going to stay or how I would get by in a country fairly unknown to me. I was certain of two things. I would get an opportunity to have darshan of Satguru Ji, sit amongst the Sadh Sangat and do naam simran.

I arrived at Sri Bhaini Sahib at night, and was informed of the imminent arrival of His Holiness Sri Satguru Uday Singh Ji. The rest is history and is one of the most beautiful and wonderful experiences of my life.

The darshan was absolute, it is very difficult to explain in words; all I would say to a young Sikh living abroad is go and experience this for yourself at Sri Bhaini Sahib outside of your daily routine.

Sitting amongst the Sadh Sangat is truly a humbling experience at Sri Bhaini Sahib given the vast number of Sikhs from all walks of life from all corners of India and the globe, young and old all with a common fundamental objective of getting Satguru Ji's blessings.

I found Sri Bhaini Sahib very modern, the gardens, the footpaths were immaculately maintained, and monuments like the small model village showcasing Namdhari Sikh history were really breath-taking. It didn't stop there, bathing in the holy crystal clear waters of the Ram Sarovar, to feeding the cows at the Gaushala, playing afternoon badminton in the sports arena with coach Gurmukh Singh, visiting the meditation places and museums on Sri Satguru Ram Singh Ji, whilst spending the mornings/evenings immersed in some kind of seva, Naam Simran, listening to Gurmat Kirtan and diwans; I can truly say this was a wonderful way to spend ones vacation.


I saw several young Sikhs who had travelled from Europe, Africa, North America, and Asia, But one individual from UK made a profound impression on me. His name was Tanvir Rayet, this young Sikh who some years back began his journey towards Namdhari Panth told me he had come to Sri Bhaini Sahib, because he had dream where Sri Satguru Jagjit Singh Ji took him to after life and at the gates of heaven stated Sri Satguru Ram Singh will evaluate the amount of Naam Simran he had carried out before entrance is allowed.

So I encourage you all to think twice on where you are booking your next vacation and I hope to sit with you as fellow a Sikh in Sri Bhaini Sahib as we do Naam Simran, seva, have langar and discuss Satguru Ji's sermons and darshan together.

**-Balbir Singh (Bobby)**

## DISCOURSE
## SRI SATGURU JAGJIT SINGH JI

## ATTAINING PEACE OF MIND



Today the world is engulfed with jealousy, hatred and greed whether it is in a Gurdwara, Temple or Mosque. 'My mosque should be taller than his mosque. My call for prayer should be louder than the others. My Gurdwara's speaker should be louder than the others. The priests of my temple should be the best discourse conductors.' In doing so, focus is shifted from the inner development of the mind and soul. Sri Satguru Nanak Dev Ji has said:

ਭਰੀਐ ਮਤਿ ਪਾਪਾ ਕੈ ਸੰਗਿ
*Bharee-ai Mat Paapaa Kai Sang*
But when the intellect is stained and polluted by sin
ਓਹੁ ਧੋਪੈ ਨਾਵੈ ਕੈ ਰੰਗਿ
*Oh Dhopai Naavai Kai Rang*
It can only be cleansed through naam simran

Very rarely do Temples, Mosques, Gurdwaras or Churches honestly preach this message. If one does not practice Naam then one cannot cleanse their thoughts, and until the thoughts are pure, people will continue to look at each other with malevolence. They will not be able to tread the path that leads them to God. Satguru Ji has written about this state of mind as well:

ਜੋ ਪਰਾਇਓ ਸੋਈ ਅਪਨਾ
*Jo Paraa-i-o So-ee Apnaa*
That which belongs to another – he claims as his own
ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ
*Jo Taj Chhodan Tis Si-o Man Rachnaa*
That which he must abandon-to that, his mind is attracted
ਕਹਹੁ ਗੁਸਾਈ ਮਿਲੀਐ ਕੇਹ
*Kahhu Gusaa-ee Milee-ai Kayh*
Tell me, how can he meet the Lord of the World?
ਜੋ ਬਿਬਰਜਤ ਤਿਸ ਸਿਉ ਨੇਹ
*Jo Bibarjat Tis Si-o Nayh*
That which is forbidden-with that, he is in love

If the doctor has prescribed not to eat spicy food but instead, one mixes extra chilli in their food. How can he expect to heal then?

ਝੂਠੁ ਬਾਤ ਸਾ ਸਚੁ ਕਰਿ ਜਾਤੀ
*Jhooth Baat Saa Sach Kar Jaatee*
That which is false-he deems as true
ਸਤਿ ਹੋਵਨੁ ਮਨਿ ਲਗੈ ਨ ਰਾਤੀ
*Sat Hovan Man Jagai Na Raatee*
That which is true-his mind is not attached to that at all

In His sermons, Sri Satguru Partap Singh Ji explains how today's person often says, "I said this, but I meant this and not that." Essentially, everyone looks for a way out beforehand so that they can get away with it later. No one remains firm on his or her word. Though perhaps there is a feeling that they may be able to get away with this deceit wrapped as intelligence; they cannot get away with it in the eyes of the Lord. Everyone will have to bow down before Him, be humble and forsake His ego. Gurbani states:

ਤਜਿ ਅਭਿਮਾਨੁ ਛੁਟੈ ਤੇਰੀ ਬਾਕੀ
*Taj Abhimaan Chhutai Tayree Baakee*
Give up your egotistical pride, and the balance of your account shall be written off

If a person forgoes his pride, he will never have a difficulty with anyone. One should always pray and do Ardaas at Satguru Ji's feet to keep away from such circumstances where pride takes over.

ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੈ
*Maanukh Kathai Kath Lok Sunaavai Jo Bolai So Na Beechaaray*
The mortal speaks and by speaking, makes the people listen; but he does not reflect upon what he himself says

Satguru Ji through Gurbani has not only told us about various problems that we battle, but He has also given solutions for the same:

ਰਾਖੁ ਪਿਤਾ ਪ੍ਰਭ ਮੇਰੇ
*Raakh Pitaa Parabh Matray*
Save me, O My Father God
ਮੋਹਿ ਨਿਰਗੁਨੁ ਸਭ ਗੁਨ ਤੇਰੇ
*Mohi Nirgun Sabh Gun Tayray*
I am worthless and without virtue; all virtues are yours. ■

# ਟੋਰਾਂਟੋ ਦੀ ਨਾਮਧਾਰੀ ਸਾਧ ਸੰਗਤ ਵਲੋਂ ਵਿਸਾਖੀ ਮੇਲਾ... (ਬਾਕੀ ਸਫਾ 1 ਦੀ)

1. ਭਾਈ ਦਇਆ ਸਿੰਘ, 2. ਭਾਈ ਧਰਮ ਸਿੰਘ, 3. ਭਾਈ ਹਿੰਮਤ ਸਿੰਘ, 4. ਭਾਈ ਮੋਹਕਮ ਸਿੰਘ, 5. ਭਾਈ ਸਾਹਿਬ ਸਿੰਘ।

ਏਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਜਦੋਂ ਖਾਲਸਾ ਗੁਰੁ ਗੋਬਿੰਦ ਸਿੰਘ ਜੀ ਦੀ ਰਹਿਤ ਬਹਿਤ ਤੇ ਸਿੱਖੀ ਨੂੰ ਭੁਲ ਬੈਠਾ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਂ ਸਿਰੇ ਤੋਂ ਸ੍ਰੀ ਹਜ਼ੂਰ ਸਾਹਿਬ ਤੋਂ ਰਹਿਤ ਮਰਯਾਦਾ ਭਾਈ ਰਾਏ ਸਿੰਘ ਹੱਥੀਂ ਮੰਗਵਾ ਕੇ ਸੰਨ 1857 ਨੂੰ ਵਸਾਖੀ ਵਾਲੇ ਦਿਨ ਹੀ ਸ੍ਰੀ ਭੈਣੀ ਸਾਹਿਬ ਵਿਖੇ ਉਸ ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤ ਤਿਆਰ ਕਰਵਾ ਕੇ ਪੰਜ ਪਿਆਰਿਆਂ ਨੂੰ ਛਕਾ ਕੇ ਨਵੇਂ ਸਿਰਿਓਂ ਸਿੱਖੀ ਨੂੰ ਪ੍ਰਚਲਤ ਕੀਤਾ ਅਤੇ ਸੰਤ ਖਾਲਸੇ ਦਾ ਨਾਂ ਦਿੱਤਾ। ਸੰਨ 1863 ਨੂੰ ਪਿੰਡ ਸਿਆੜ੍ਹ 'ਚ ਬੀਬੀਆਂ ਨੂੰ ਵੀ ਅੰਮ੍ਰਿਤ ਛਕਾ ਕੇ ਸਿੰਘਾਂ ਦੇ ਬਰਾਬਰ ਸਤਿਕਾਰ ਦਿੱਤਾ। ਜੋ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬੀਬੀਆਂ ਨੂੰ ਛਕਣ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਿਆ।

ਸੰਤ ਰਜਿੰਦਰ ਸਿੰਘ ਨੇ ਆਪਣੇ ਵਿਚਾਰ ਗੁਰਬਾਣੀ ਦੀ ਪੰਕਤੀ ***"ਵੈਸਾਖ ਭਲਾ ਸਾਖਾ ਵੇਸ ਕਰੇ।"*** ਤੋਂ ਸ਼ੁਰੂ ਕਰਦਿਆਂ 1699 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਜਾਏ ਗਏ ਖਾਲਸੇ ਅਤੇ 1857 'ਚ ਵਿਸਾਖੀ ਵਾਲੇ ਦਿਨ ਹੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਮੁੜ ਸੁਰਜੀਤ ਕੀਤੇ ਗਏ ਸੰਤ ਖਾਲਸੇ ਦੀ ਵਿਆਖਿਆ ਬੜੇ ਹੀ ਵਧੀਆ ਪ੍ਰਮਾਣਾਂ ਰਾਹੀਂ ਕੀਤੀ।

ਬੀਬੀ ਰਾਣੀ ਨੇ ਇਸਤਰੀ ਜਾਤੀ ਤੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਕੀਤੀ ਕਿਰਪਾ ਨੂੰ ਬੜੇ ਵਧੀਆ ਢੰਗ ਨਾਲ ਬਿਆਨ ਕੀਤਾ। ਜਿਸ ਇਸਤਰੀ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ 'ਚ ਲਿਖਿਆ ਹੈ-

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।***

ਬੀਬੀ ਰਾਣੀ ਨੇ ਮਾਈ ਭਾਗੋ ਵਾਲੇ ਸਿਖ ਪੰਥ ਵਿਚ ਪਾਏ ਯੋਗਦਾਨ ਦਾ ਵਰਣਨ ਕਰਦਿਆਂ ਹੋਇਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਲੋਂ ਬੀਬੀਆਂ ਉਤੇ ਕੀਤੇ ਉਪਕਾਰਾਂ ਦਾ ਵੀ ਵਰਣਨ ਕੀਤਾ। ਆਪ ਨੇ ਇਕ ਕਵਿਤਾ ਵੀ ਸੁਣਾਈ।

*ਹੇ ਦਾਤਾ ਤੇਰੀ ਮੈਂ ਪਹਿਚਾਣ ਬਣਾਂਗੀ।*
*ਔਰਤ ਹਾਂ ਮੈਂ ਮਰਦ ਵਾਂਗੂੰ ਸਿੱਖ ਪੰਥ ਦੀ ਸ਼ਾਨ ਬਣਾਂਗੀ।*

ਹੁਣ ਸਟੇਜ ਦੀ ਜ਼ਿੰਮੇਵਾਰੀ ਸੰਤ ਅਜੀਤ ਸਿੰਘ ਲਾਇਲ ਨਾਮਧਾਰੀ ਦਰਬਾਰ ਦੇ ਸਕੱਤਰ ਨੇ ਸੰਭਾਲਦਿਆਂ ਬਾਹਰੋਂ ਆਏ ਵਿਦਵਾਨ ਬੁਲਾਰਿਆਂ ਪ੍ਰੋ. ਜਗਮੋਹਨ ਸਿੰਘ ਰਿਸ਼ਤੇਦਾਰੀ ਚੋਂ ਸ਼ਹੀਦ ਭਗਤ ਸਿੰਘ ਦੇ ਭਾਣਜੇ ਸ. ਮਲੂਕ ਸਿੰਘ ਕਾਹਲੋਂ ਅਤੇ ਸ. ਪੂਰਨ ਸਿੰਘ ਪਾਂਧੀ ਨੂੰ ਸਾਧ ਸੰਗਤ ਵਿਚ ਆਉਣ ਤੇ ਜੀ ਆਇਆਂ ਆਖਦਿਆਂ ਉਹਨਾਂ ਬਾਰੇ ਜਾਣਕਾਰੀ ਦਿੱਤੀ। ਆਪ ਨੇ ਅੱਜ ਦੇ ਦਿਨ ਨੂੰ ਸਿਖਾਂ ਦੀ ਪ੍ਰੀਖਿਆ ਦਾ ਦਿਨ ਅਤੇ ਖਾਲਸੇ ਦੇ ਜਨਮ ਦਿਨ ਵਜੋਂ ਆਖ ਕੇ ਸਾਰੀ ਸਾਧ ਸੰਗਤ ਨੂੰ ਵਸਾਖੀ ਦੀਆਂ ਮੁਬਾਰਕਾਂ ਦਿੰਦਿਆਂ ਹੋਇਆਂ ਸ਼ਹੀਦ ਭਗਤ ਦੇ ਨਾਮਧਾਰੀ ਸਿਖਾਂ ਨਾਲ ਰਹੇ ਸੰਬੰਧਾਂ ਬਾਰੇ ਵਿਸਤਾਰ ਸਾਹਿਤ ਜਾਣਕਾਰੀ ਦਿੱਤੀ।

**ਮਾਣ-ਸਨਮਾਨ-**

ਬੀਬੀ ਹਰਪਾਲ ਕੌਰ ਵਲੋਂ ਸ੍ਰੀ ਭੈਣੀ ਸਾਹਿਬ ਵਿਖੇ 2017 ਦੇ ਹੋਲੇ ਮਹਲੇ ਦੀ ਸੇਵਾ ਕਰਵਾਉਣ ਕਰਕੇ ਨਾਮਧਾਰੀ ਸੰਗਤ ਕਨੇਡਾ (ਸੁਸਾਇਟੀ) ਵਲੋਂ ਮਾਨ ਸਨਮਾਨ ਕੀਤਾ ਗਿਆ।

ਲਾਇਲ ਜੀ ਨੇ ਵਿਸਾਖੀ ਖਾਲਸੇ ਦੇ ਜਨਮ ਦਿਹਾੜੇ ਸੰਬੰਧੀ ਕਵਿਤਾ ਸੁਣਾ ਕੇ ਸਾਧ ਸੰਗਤ ਨੂੰ ਫਿਰ ਵਿਸ਼ੇ ਨਾਲ ਜੋੜਿਆ।

ਅਜੀਤ ਸਿੰਘ ਬਡਵਾਲ- ਨੇ ਬੋਲਦਿਆਂ ਕਿਹਾ ਕਿ ਧਰਮ ਕਦੇ ਸਿਖਰਾਂ ਵਲ ਪਹੁੰਚਦਾ ਹੈ ਤੇ ਕਦੇ ਗਿਰਾਵਟ ਵਲ। ਪਰ ਜਦੋਂ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਤੇ ਅਧਰਮ ਦਾ ਵਾਧਾ ਹੁੰਦਾ ਹੈ ਉਦੋਂ ਉਦੋਂ ਸਰੀਰ ਧਾਰ ਕੇ ਭਗਵਾਨ ਆਪ ਪ੍ਰਗਟ ਹੁੰਦਾ ਹੈ ਜਿਵੇਂ ਗੀਤਾ ਵਿਚ ਲਿਖਿਆ ਹੈ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ-

*ਯਦਾ ਯਦਾ ਹੀ ਧਰਮਸੌ ਗਿਆਨਿਮ ਭਗਤੀ ਭਾਵਸਹੁ*

ਇਹਨਾਂ ਤੁਕਾਂ ਅਨੁਸਾਰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆ ਕੇ ਧਰਮ ਦੀ ਰਾਖੀ ਕੀਤੀ। ਆਪ ਨੇ ਭਾਈ ਵੀਰ ਸਿੰਘ ਦੀ ਪੁਸਤਕ ਦਾ ਹਵਾਲਾ ਦੇ ਕੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਸਪਤਸ੍ਰਿੰਗ ਪ੍ਰਬਤ ਤੇ ਇਕ ਤਪੱਸਵੀ ਸਨ। ਪ੍ਰਮਾਤਮਾ ਨੇ ਉਹਨਾਂ ਨੂੰ ਧਰਮ ਕਰਮ ਵਾਸਤੇ ਮਾਤ ਲੋਕ ਵਿਚ ਭੇਜਿਆ ਤੇ ***"ਕਬੁਧਿ ਕਰਨ ਤੇ ਲੋਕ ਹਟਾਇ ਤੇ ਮੈਂ ਅਪਨਾ ਸੁਤ ਤੋਹਿ ਨਿਵਾਜਾ"*** ਦਸਿਆ। ਜੋ ਅਕਾਲ ਪੁਰਖ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਵਰ ਮਿਲੇ ਸਨ।

ਪ੍ਰੋ. ਜਗਮੋਹਨ ਸਿੰਘ ਜੋ ਸ਼ਹੀਦ ਭਗਤ ਸਿੰਘ ਦੇ ਭਾਣਜੇ ਲਗਦੇ ਹਨ, ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, "ਮੇਰੇ ਬੜੇ ਚੰਗੇ ਸ਼ੁਭ ਕਰਮ ਨੇ ਮੈਨੂੰ ਤੁਹਾਡੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ ਤੁਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਹੋ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1857 ਨੂੰ ਵਿਸਾਖੀ ਵਾਲੇ ਦਿਨ ਹੀ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਨੂੰ ਮੁੜ ਸੁਰਜੀਤ ਕੀਤਾ। ਅਮਨ, ਏਕਤਾ, ਆਜ਼ਾਦੀ, ਗਊ ਗਰੀਬ ਦੀ ਰੱਖਿਆ ਨੂੰ ਬੁਲੰਦ ਕਰਨ ਲਈ ਆਵਾਜ਼ ਉਠਾਈ ਤੇ ਸਫੈਦ ਝੰਡਾ ਲਹਿਰਾਇਆ। ਉਹਨਾਂ ਜੋ ਧਰਮ, ਦੇਸ਼, ਆਜ਼ਾਦੀ ਅਤੇ ਸਮਾਜ ਸੁਧਾਰ ਲਈ ਕੰਮ ਕੀਤੇ ਉਹ ਕਹਿਣ ਕਥਨ ਤੋਂ ਬਾਹਰ ਦੀ ਗੱਲ ਹੈ। ਸ਼ਹੀਦ ਭਗਤ ਸਿੰਘ ਸਤਿਗੁਰੂ ਰਾਮ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਦੇਸ਼ ਆਜ਼ਾਦੀ ਦਾ ਰਾਹ ਅਪਣਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ 1921 ਵਿਚ ਜਦੋਂ ਮੁਠੱਡੇ ਪਿੰਡ ਵਿਚ ਕਾਨਫਰੰਸ ਹੋਈ ਤਾਂ ਉਸ ਵਿਚ ਸ. ਭਗਤ ਸਿੰਘ, ਜੋ ਉਦੋਂ 14 ਸਾਲ ਦਾ ਸੀ, ਉਹ ਵੀ ਪਹੁੰਚਿਆ ਹੋਇਆ ਸੀ। ਉਸ ਸਮੇਂ ਮਹਾਂਰਥੀ ਰਸਾਲੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਲੇਖ ਛਪਣਾ ਸੀ। ਸ. ਭਗਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਲੱਭ ਕੇ ਲਿਆਂਦੀ ਜੋ ਉਸ ਲੇਖ ਨਾਲ ਛਪੀ। ਸ. ਭਗਤ ਸਿੰਘ ਨੇ ਕਿਹਾ ਕਿ ਤਸਵੀਰ ਤੋਂ ਬਿਨਾ ਲੇਖ ਅਧੂਰਾ ਹੈ।

ਪ੍ਰੋ. ਜਗਮੋਹਨ ਸਿੰਘ ਨੇ ਆਪਣੀ ਮਾਤਾ ਬੀਬੀ ਅਮਰ ਕੌਰ ਦਾ ਨਾਂ ਲੈਂਦਿਆਂ ਦੱਸਿਆ ਕਿ ਮਾਤਾ ਨੇ ਇਹਨਾਂ ਨੂੰ ਕਹਿਣਾ ਕਿ ਰਿਸ਼ਤਾ ਇਕ ਦੂਜੇ ਨੂੰ ਜਾਣਨ ਨਾਲ ਬਣਦਾ ਹੈ। ਇਸ ਦਾ ਉਸ ਤੇ ਬਹੁਤ ਅਸਰ ਪਿਆ ਤੇ ਉਸਨੇ ਸ. ਭਗਤ ਸਿੰਘ ਬਾਰੇ ਜਾਣਕਾਰੀ ਵੱਧ ਤੋਂ ਵੱਧ ਇਕੱਤਰ ਕਰਨ ਦਾ ਯਤਨ ਕੀਤਾ। ਪ੍ਰੋ. ਸਾਹਿਬ ਨੇ ਦੱਸਿਆ ਕਿ ਜਦੋਂ ਭਗਤ ਸਿੰਘ ਦਾ ਜਨਮ ਹੋਣਾ ਸੀ ਤਾਂ ਉਸਦੀ ਮਾਤਾ ਚੰਡੀ ਦੀ ਵਾਰ ਦਾ ਪਾਠ ਕਰਿਆ ਕਰਦੀ ਸੀ। ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਬਾਣੀ ਹੈ ਤੇ ਨਾਮਧਾਰੀ ਸਿੰਘਾਂ ਵਿਚ ਇਹ ਬਾਣੀ ਪੜ੍ਹੀ ਜਾਂਦੀ ਹੈ। ਇਸ ਬਾਣੀ ਦਾ ਅਸਰ ਹੀ ਸੀ ਜੋ ਭਗਤ ਸਿੰਘ ਸੂਰਮਾ, ਦੇਸ਼ ਕੌਮ ਲਈ ਸ਼ਹੀਦ ਹੋਇਆ।

ਪ੍ਰੋ. ਸਾਹਿਬ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਕਹਿੰਦੇ ਹੋਏ ਕਿਹਾ ਕਿ ਇਹਨਾਂ ਨੇ ਸਾਨੂੰ ਬਹੁਤ ਵੱਡੀ ਵਿਰਾਸਤ ਦਿੱਤੀ ਹੈ। ਉਹਨਾਂ ਕਿਹਾ ਕਿ ਲੜਕੀ ਨੂੰ ਪੂਰਾ ਸਤਿਕਾਰ ਦਿਉ। ਮਾਰਨਾ ਜਾਂ ਤ੍ਰਿਸਕਾਰਨਾ ਪਾਪ ਹੈ। ਹਰ ਮਾਂ ਹਰ ਸਵੇਰੇ ਬੱਚੇ ਨੂੰ ਕੁਝ ਚੰਗਾ ਕਰਨ ਲਈ ਉਸਦੇ ਕੰਨ ਵਿਚ ਕਹੇ। ਸਤਿਗੁਰੂ ਰਾਮ ਸਿੰਘ ਜੀ ਨੇ ਦ੍ਰਿੜ੍ਹ ਇਰਾਦਾ ਪੈਦਾ ਕੀਤਾ ਆਪਣੇ ਸਿਖਾਂ ਵਿਚ। ਸੰਗਤ ਨੇ ਕਿਵੇਂ ਰਹਿਣੈ, ਕੀ ਖਾਣਾ-ਪੀਣਾ ਆਦਿ ਮਰਯਾਦਾ ਬਾਰੇ ਦਸਿਆ। ਔਰਤ ਨੂੰ ਜਿੰਨਾਂ ਚਿਰ ਬਰਾਬਰਤਾ ਨਹੀਂ ਦਿੱਤੀ ਜਾਂਦੀ ਚੰਗਾ ਸਮਾਜ ਨਹੀਂ ਸਿਰਜਿਆ ਜਾ ਸਕਦਾ। ਇਹ ਸਭ ਸਿਖਿਆਵਾਂ ਅੱਜ ਵੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੁਹਰਾ ਰਹੇ ਨੇ ਤੇ ਬੀਬੀਆਂ ਨੂੰ ਹਰ ਪੱਖ ਤੋਂ ਅੱਗੇ ਲਿਆ ਰਹੇ ਨੇ।



**ਟੋਰਾਂਟੋ ਦੀ ਨਾਮਧਾਰੀ ਸਾਧ ਸੰਗਤ ਵਿਸਾਖੀ ਦੇ ਮੇਲੇ ਦੀ ਰੌਣਕ ਨੂੰ ਵਧਾਉਂਦੀ ਹੋਈ।**

ਲਾਇਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਦਵਤਾ ਬਾਰੇ ਦੱਸਦਿਆਂ ਕਿਹਾ ਕਿ ਉਹਨਾਂ 52 ਕਵੀ ਰਖੇ ਹੋਏ ਸਨ ਜੋ ਵਿਦਵਾਨ ਏਨੇ ਸਨ ਕਿ ਉਹਨਾਂ ਦੇ ਲਿਖੇ ਪਦ, ਸਵੈਯੇ, ਛੰਦ ਆਦਿ ਨੂੰ ਆਮ ਆਦਮੀ ਨਹੀਂ ਸਮਝ ਸਕਦਾ। ਗੁਰੂ ਗੋਬਿੰਦ ਸਿੰਘ ਜੀ ਬਹਾਦਰਸ਼ਾਹ ਕੋਲ ਸਨ। ਇਕ ਫਕੀਰ ਆਇਆ ਤੇ ਉਸਨੇ ਕਿਹਾ ਆਪ ਜੀ ਹਿੰਦੂਆਂ ਦੇ ਪੀਰ ਹੋ ਕੋਈ ਤਾਕਤ ਵਖਾਓ। ਗੁਰੂ ਜੀ ਕਿਹਾ ਕਿ ਤਾਕਤ ਬਾਦਸ਼ਾਹ ਕੋਲ ਹੈ ਜਿਸਨੂੰ ਚਾਹੇ ਫਾਂਸੀ ਦੇ ਸਕਦਾ ਹੈ ਜੇ ਚਾਹੇ ਤਾਂ ਮਾਫ ਕਰ ਸਕਦਾ ਹੈ। ਫਕੀਰ ਕਿਹਾ ਕੋਈ ਹੋਰ, ਗੁਰੂ ਜੀ ਕਿਹਾ ਦੂਜੀ ਤਾਕਤ ਮਾਇਆ ਹੈ। ਮਾਇਆ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ। ਫਕੀਰ ਬੋਲਿਆ ਇਸ ਤੋਂ ਇਲਾਵਾ, ਫਿਰ ਗੁਰੂ ਜੀ ਨੇ ਮਿਆਨ ਵਿਚੋਂ ਲਿਸ਼ਕਦੀ ਹੋਈ ਕਿਰਪਾਨ ਖਿੱਚੀ ਤਾਂ ਕਿਹਾ ਕਿ ਇਹ ਤੀਸਰੀ ਤਾਕਤ ਹੈ। ਇਹ ਵੇਖ ਸੁਣ ਕੇ ਫਕੀਰ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ।

ਸ. ਮਲੂਕ ਸਿੰਘ ਕਾਹਲੋਂ ਏਥੇ ਟੋਰਾਂਟੋ ਤੋਂ ਸਪੋਕਸਮੈਨ ਅਖਬਾਰ ਕੱਢਦੇ ਹਨ ਇਹਨਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ-"ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ।" ਤੁਸੀਂ ਧੰਨਵਾਦ ਦੇ ਪਾਤਰ ਹੋ ਜੋ ਆਪਣੇ ਇਤਿਹਾਸ ਨੂੰ ਗੁਰੂ ਸਾਹਿਬਾਨ ਨੂੰ ਯਾਦ ਕਰਦੇ ਹੋ। ਸਾਡਾ ਜਿੰਨਾ ਵਿਰਸਾ ਹੈ, ਇਤਿਹਾਸ ਹੈ, ਪੰਜਾਬ ਵਿਚ ਗੁਰੂ ਸਾਹਿਬਾਨ ਨਾਲ ਜੁੜਿਆ ਹੋਇਆ ਹੈ। ਸਾਰੇ ਗੁਰੂ ਸਾਹਿਬਾਨ ਨੇ ਜ਼ਬਰ ਜ਼ੁਲਮ ਤੇ ਬੇਇਨਸਾਫੀ ਦੇ ਖਿਲਾਫ ਹੱਕ ਸੱਚ ਤੇ ਇਨਸਾਫ ਲਈ ਲੜਨ ਦੀ ਪ੍ਰੇਰਨਾ ਦਿੱਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਖਾਲਸਾ ਸਾਜਿਆ ਪਰ ਉਹਨਾਂ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਸਿੱਖਾਂ ਵਿਚ ਬਹੁਤ ਗਿਰਾਵਟ ਆ ਗਈ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਫੌਜ ਵਿਚ ਨੌਕਰੀ ਸਮੇਂ ਆਈ ਗਿਰਾਵਟ ਨੂੰ ਤੱਕਿਆ ਤੇ ਨੌਕਰੀ ਛੱਡ ਸ੍ਰੀ ਭੈਣੀ ਸਾਹਿਬ ਜਾ ਤਪੱਸਿਆ ਕੀਤੀ ਤੇ ਫਿਰ 12 ਅਪ੍ਰੈਲ 1857 ਨੂੰ ਵਿਸਾਖੀ ਮੇਲੇ ਸਮੇਂ ਸੰਤ ਖਾਲਸੇ ਦੇ ਨਾਂ ਨਾਲ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਤੇ ਰਹਿਤ ਮਰਯਾਦਾ ਨੂੰ ਮੁੜ ਸੁਰਜੀਤ ਕੀਤਾ। ਜੇ ਸਤਿਗੁਰੂ ਰਾਮ ਸਿੰਘ ਨੂੰ ਅੰਗਰੇਜ਼ ਦੇਸ਼ ਨਿਕਾਲਾ ਨਾ ਦਿੰਦੇ ਤਾਂ ਹਿੰਦੁਸਤਾਨ ਦੀ ਤਕਦੀਰ ਕੁਝ ਹੋਰ ਹੋਣੀ ਸੀ। ਇਹ ਇਤਿਹਾਸਕ ਸਚਾਈ ਹੈ ਕਿ ਜਿਥੇ ਕਿਤੇ ਵੀ ਔਰਤਾਂ ਦੀ ਬੇਅਦਬੀ ਰਹੀ ਹੈ ਉਹ ਕੌਮਾਂ, ਸਮਾਜ, ਦੇਸ਼ ਤਰੱਕੀ 'ਚ ਪਿਛੇ ਰਹੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਔਰਤਾਂ ਨੂੰ ਅੰਮ੍ਰਿਤ ਛਕਾ ਕੇ, ਰਹਿਤ ਰਖਾ ਕੇ ਸਿੰਘਾਂ ਦੇ ਬਰਾਬਰ ਕੀਤਾ। ਕੁੱਖ 'ਚ ਲੜਕੀਆਂ ਮਾਰਨੋਂ ਰੋਕਿਆ, ਬਾਲ ਵਿਆਹ ਤੋਂ ਮਨਾਂ ਕਰਕੇ ਸਤੀ ਪ੍ਰਥਾ ਉਲਟ ਵਿਧਵਾ ਵਿਆਹ ਨੂੰ ਅਗੇ ਲਿਆਂਦਾ ਤੇ ਬੱਚੀਆਂ ਨੂੰ ਅੱਖਰ ਪੜ੍ਹਾਉਣ ਲਈ ਪ੍ਰੇਰਨਾ ਦਿੱਤੀ। ਸਾਦੇ ਵਿਆਹ ਆਰੰਭ ਕੀਤੇ। ਸਤਿਗੁਰੂ ਰਾਮ ਸਿੰਘ ਜੀ ਇਕ ਇਨਕਲਾਬੀ ਸਨ। ਜਿੰਨੇ ਵੀ ਇਨਕਲਾਬੀ ਹੋਏ ਕਿਸੇ ਵੀ ਦੇਸ਼ ਵਿਚ ਉਥੋਂ ਦੀਆਂ ਸਰਕਾਰਾਂ ਉਹਨਾਂ ਤੋਂ ਡਰਦੀਆਂ ਰਹੀਆਂ ਤੇ ਡਰਦੀਆਂ ਹਨ।

ਅੰਤ ਵਿਚ ਕਾਹਲੋਂ ਸਾਹਿਬ ਨੇ ਆਖਿਆ ਕਿ ਤੁਸੀਂ ਵਧੀਆ ਕੰਮ ਕਰਦੇ ਹੋ, ਸਾਦਾ ਪਹਿਨਦੇ ਹੋ, ਸਾਦਾ ਖਾਂਦੇ ਹੋ ਤੇ ਸਾਦਾ ਹੀ ਜੀਵਨ ਜੀਅ ਰਹੇ ਹੋ ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ। ਸਾਨੂੰ ਬੁਰਾਈ ਦੇ ਵਿਰੁੱਧ ਲੜਨਾ ਚਾਹੀਦਾ ਹੈ। ਪਰ ਜੇ ਕੁਝ ਵੀ ਨਹੀਂ ਕਰਦੇ ਤਾਂ ਜ਼ੁਲਮ ਦੇ ਵਿਰੁੱਧ ਲੜਨਾ ਪੈਣਾ ਹੈ। ਆਪ ਨੇ ਆਪਣੀ ਪੁਸਤਕ 'ਵਾਰਸਾਂ ਦੇ ਵਾਰਸ' ਵਿਚੋਂ ਕਵਿਤਾ ਸੁਣਾਈ।

ਸ. ਪੂਰਨ ਸਿੰਘ ਪਾਂਧੀ ਜੋ ਪੁਸਤਕ 'ਸੰਗੀਤ ਦੀ ਦੁਨੀਆਂ' ਦੇ ਲੇਖਕ ਨੇ ਆਪਣੀ ਵਿਚਾਰਧਾਰਾ ਗੁਰਬਾਣੀ ਦੀ ਇਸ ਪੰਕਤੀ ਨਾਲ ਸ਼ੁਰੂ ਕੀਤੀ।

***ਸਤੀ ਪਹਰੀ ਸਤੁ ਬਹੀਐ ਪੜਿਆ ਪਾਸਿ।।***
***ਓਥੈ ਪਾਪ ਪੁੰਨ ਬੀਚਾਰੀਐ ਕੂੜ ਘਟੈ ਰਾਸਿ।।***

ਏਥੇ ਆ ਕੇ ਅੱਜ ਮੈਂ ਬਾਗੋਬਾਗ ਹੋ ਗਿਆ ਹਾਂ। ਸੰਗਤਾਂ ਦੇ ਦਰਸ਼ਨ ਕਰਕੇ ਜਿਨ੍ਹਾਂ ਨੇ ਸਤਿਗੁਰੂ ਦਾ ਬਾਣਾ ਤੇ ਰਹਿਤ ਸੰਭਾਲ ਕੇ ਰੱਖੀ ਹੋਈ ਹੈ। ਇਤਿਹਾਸ ਦੇ ਅਨੁਸਾਰ ਉਹਨਾਂ ਦੱਸਿਆ ਕਿ ਸਿਖ ਰਾਜ ਖਤਮ ਹੋ ਗਿਆ ਤੇ ਸਤਿਗੁਰੁ ਰਾਮ ਸਿੰਘ ਜੀ ਨੇ ਸਿਖੀ ਨੂੰ ਸੰਭਾਲਿਆ ਤੇ ਗਊ ਗਰੀਬ ਦੀ ਰਾਖੀ ਕੀਤੀ।

ਲਾਇਲ ਜੀ ਨੇ ਕੀਰਤਨ ਦੀ ਗੱਲ ਸੁਣਕੇ ਪਾਂਧੀ ਜੀ ਤੇ ਸੰਗਤ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਨਾਮਧਾਰੀਆਂ ਤੇ ਹੋਰਨਾਂ ਸੰਗੀਤਕਾਰਾਂ ਤੇ ਸਿਖਿਆਰਥੀਆਂ ਤੇ ਸੰਗੀਤ ਤੇ ਕੀਰਤਨ ਦੀਆਂ ਕੀਤੀਆਂ ਰਹਿਮਤਾਂ ਤੇ ਉਪਕਾਰ ਦਾ ਵਰਣਨ ਬੜੇ ਵਿਸਥਾਰ ਨਾਲ ਕੀਤਾ। ਉਚ ਕੋਟੀ ਦੇ ਉਸਤਾਦਾਂ ਤੋਂ ਨਾਮਧਾਰੀ ਸੰਗੀਤਕਾਰਾਂ ਨੂੰ ਸਿਖਿਆ ਦਿਵਾਈ ਤੇ ਕਈ ਸੰਗੀਤਕਾਰ ਸਤਿਗੁਰੂ ਜੀ ਤੋਂ ਸੰਗੀਤ ਦੀ ਸਿਖਿਆ ਲੈਂਦੇ ਰਹੇ ਜੋ ਅੱਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਣ ਗਾਉਂਦੇ ਨਹੀਂ ਥੱਕਦੇ।

ਪ੍ਰਧਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਅੱਜ ਜੋ ਵਿਦਵਾਨਾਂ ਦੇ ਵਿਚਾਰ ਸੁਣੇ ਨੇ ਇਹ ਸਾਡੇ ਲਈ ਅਣਮੁੱਲੇ ਹਨ। ਕਈ ਗੱਲਾਂ ਅੱਜ ਪਹਿਲੀ ਵਾਰ ਸੁਣੀਆਂ ਨੇ। ਇਸ ਲਈ ਸਾਰੇ ਵਿਦਵਾਨਾਂ ਦਾ ਧੰਨਵਾਦ ਕਰਦੇ ਹਾਂ ਤੇ ਆਸ ਰਖਦੇ ਹਾਂ ਕਿ ਅੱਗੇ ਵੀ ਇਹ ਵਿਦਵਾਨ ਏਸੇ ਤਰ੍ਹਾਂ ਇਥੇ ਆ ਕੇ ਸਾਨੂੰ ਦਰਸ਼ਨ ਦਿਆ ਕਰਨਗੇ।

**ਮਾਨ ਸਨਮਾਨ ਤੇ ਸਿਰੋਪੇ-** ਨਾਮਧਾਰੀ ਸੰਗਤ ਕਨੇਡਾ (ਸੁਸਾਇਟੀ) ਓਨਟਾਰੀਓ ਵਲੋਂ ਪ੍ਰੋ. ਜਗਮੋਹਨ ਸਿੰਘ, ਸ. ਮਲੂਕ ਸਿੰਘ ਤੇ ਸ. ਪੂਰਨ ਸਿੰਘ ਪਾਂਧੀ ਨੂੰ ਉਹਨਾਂ ਦੇ ਮਾਨ ਸਨਮਾਨ ਵਜੋਂ ਸਿਰੋਪੇ ਭੇਟ ਕੀਤੇ। ਸਿਰੋਪੇ ਦੇਣ ਵਾਲੇ ਮੁਖੀ ਸੱਜਣ ਸਨ ਸਰਵ ਸ੍ਰੀ ਸੂਬਾ ਰੇਸ਼ਮ ਸਿੰਘ, ਸੂਬਾ ਗੁਰਦਿਆਲ ਸਿੰਘ, ਹਰਜੀਤ ਸਿੰਘ, ਸੁਰਿੰਦਰ ਸਿੰਘ ਵਿਰਦੀ, ਬਲਵਿੰਦਰ ਸਿੰਘ ਗਰੇਵਾਲ, ਹਰਜਿੰਦਰ ਸਿੰਘ ਲਾਇਲ, ਅਜੀਤ ਸਿੰਘ ਬਡਵਾਲ ਤੇ ਹਰਪਾਲ ਸਿੰਘ ਕੱਲ੍ਹਾ ਆਦਿ।

ਅੰਤ ਵਿਚ ਲਾਇਲ ਜੀ ਨੇ ਪ੍ਰੋ. ਮੋਹਨ ਸਿੰਘ ਦੀ ਲਿਖੀ ਹੋਈ ਬਹੁਤ ਹੀ ਸੁੰਦਰ ਕਵਿਤਾ ਸੁਣਾ ਕੇ ਅੱਜ ਦੇ ਮੇਲੇ ਨੂੰ ਸਮਾਪਤੀ ਵਲ ਲਿਆਂਦਾ। ਕਵਿਤਾ ਦਾ ਨਾਂ ਸੀ 'ਸਿੱਖੀ ਦਾ ਬੂਟਾ'। ਵਿਸਾਖੀ ਮੇਲੇ ਦੀ ਸਮਾਪਤੀ ਦੀ ਅਰਦਾਸ ਸੂਬਾ ਰੇਸ਼ਮ ਸਿੰਘ ਨੇ ਕੀਤੀ।

**ਗੁਰਦੀਪ ਸਿੰਘ ਨਾਮਧਾਰੀ, ਕਨੇਡਾ**

# ਅਮਿੱਟ ਛਾਪ ਛੱਡ ਗਿਆ ਰਾਮਪੁਰਾ ਫੂਲ ਦਾ ਵਸਾਖੀ ਮੇਲਾ



**ਰਾਮਪੁਰਾ ਫੂਲ ਵਿਖੇ ਵਸਾਖੀ ਮੇਲੇ ਸਮੇਂ ਸ਼ਬਦ ਕੀਰਤਨ ਕਰ ਰਹੇ ਬੱਚੇ।**

**ਰਾਮਪੁਰਾ ਫੂਲ–** ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਰਾਮਪੁਰਾ ਫੂਲ ਵਿਖੇ ਖਾਲਸਾ ਸਾਜਨਾ ਦਿਵਸ ਅਤੇ ਸੰਤ ਖਾਲਸਾ ਸਾਜਨਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸਮੁੱਚੀ ਸਾਧ ਸੰਗਤ ਵਲੋਂ ਸਮੂਹਿਕ ਰੂਪ ਵਿਚ ਨਾਮਧਾਰੀ ਸ਼ਹੀਦੀ ਸਮਾਰਕ ਰਾਮਪੁਰਾ ਫੂਲ ਵਿਖੇ ਇਸ ਦਿਹਾੜੇ ਦਾ ਆਰੰਭ ਜਥੇਦਾਰ ਗੁਰਭਗਤ ਸਿੰਘ ਦੇ ਜਥੇ ਵਲੋਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਇਆ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਬੀਬੀ ਸਿਮਰਪ੍ਰੀਤ ਕੌਰ ਅਤੇ ਉਹਨਾਂ ਦੇ ਜਥੇ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਝੁਲਾਏ ਆਜ਼ਾਦੀ ਦੇ ਝੰਡੇ ਨੂੰ ਸਮਰਪਿਤ ਦਿਵਾਨ ਲਗਾਇਆ ਗਿਆ। ਬੀਬੀ ਬਲਜੀਤ ਕੌਰ, ਰਾਜਵੰਤ ਕੌਰ ਅਤੇ ਜਸਵਿੰਦਰ ਕੌਰ ਵਲੋਂ ਸ਼ਬਦ ਗਾਇਨ ਕੀਤਾ ਗਿਆ।

5 ਤੋਂ 10 ਸਾਲ ਦੀ ਉਮਰ ਦੇ ਬੱਚਿਆਂ ਮੋਹਨ ਸਿੰਘ, ਧੰਨਾ ਸਿੰਘ, ਰਾਮ ਸਿੰਘ, ਲੱਖਾ ਸਿੰਘ, ਬੇਅੰਤ ਕੌਰ ਅਤੇ ਸੰਤ ਕੌਰ ਵਲੋਂ ਵਿਸਾਖੀ ਦੇ ਸ਼ੁਭ ਦਿਹਾੜੇ ਨੂੰ ਸਮਰਪਿਤ ਕਵਿਤਾਵਾਂ ਪੜੀਆਂ ਗਈਆਂ। ਛੋਟੀ ਬੱਚੀ ਗੁਰਦੇਵ ਕੌਰ ਵਲੋਂ 'ਮੇਰੇ ਲਾਲਨ ਕੀ ਸੋਭਾ' ਕਲਾਸੀਕਲ ਰੂਪ ਵਿਚ ਸ਼ਬਦ ਗਾਇਨ ਕੀਤਾ ਗਿਆ।

10 ਸਾਲ ਦੇ ਉਪਰ ਦੇ ਬੱਚਿਆਂ ਵਲੋਂ ਕਵਿਤਾਵਾਂ ਗੀਤ ਅਤੇ ਸ਼ਬਦ ਗਾਇਨ ਕੀਤੇ ਗਏ ਜਿਨ੍ਹਾਂ ਵਿਚ ਸਿਮਰਨ ਕੌਰ, ਮਹਿਕਪ੍ਰੀਤ ਕੌਰ, ਅਨੂਪ੍ਰੀਤ ਕੌਰ, ਹਰਸਿਮਰ ਕੌਰ ਮਾਨਸਾ, ਰਾਜਵੰਤ ਕੌਰ ਅਤੇ ਜਿਓਤੀ ਕੌਰ ਨੇ ਭਾਗ ਲਿਆ। ਸੈਂਟ ਜੇਵੀਅਰ ਸਕੂਲ ਦੀ ਮਿਊਜ਼ਿਕ ਅਧਿਆਪਿਕਾ ਜਸਵੀਰ ਕੌਰ ਨੇ ਕਲਾਸੀਕਲ ਸੁਰਾਂ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦ ਗਾਇਨ ਕੀਤਾ। ਅਖੀਰ ਵਿਚ ਸੰਤ ਸੰਦੀਪ ਸਿੰਘ ਵਲੋਂ ਗੁਰੂ ਨਾਨਕ ਦੇਵ ਜੀ ਵਲੋਂ ਸਿੱਖ ਕੌਮ ਦੀ ਨੀਂਹ ਰੱਖਣ ਤੋਂ ਲੈ ਕੇ ਖਾਲਸਾ ਪੰਥ ਦੀ ਸਾਜਨਾ ਅਤੇ ਮੁਰਝਾ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਵਲੋਂ ਸੰਤ ਖਾਲਸੇ ਦੀ ਸਾਜਨਾ ਨੂੰ ਸਮਰਪਿਤ ਹੱਲੇ ਦਾ ਦਿਵਾਨ ਲਗਾਇਆ ਗਿਆ। ਸਟੇਜ ਸੰਚਾਲਨ ਦੀ ਜ਼ੁੰਮੇਵਾਰੀ ਹਰਪ੍ਰੀਤ ਕੌਰ ਨੇ ਨਿਭਾਈ।

ਅਖੀਰ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਨਾਲ ਸ਼ਹੀਦੀ ਸਮਾਰਕ ਵਿਖੇ ਲਗਾਏ ਝੰਡੇ ਨੂੰ ਇਸ ਸ਼ੁਭ ਦਿਹਾੜੇ ਤੇ ਝੁਲਾਇਆ ਗਿਆ। ਵਿਸਾਖੀ ਮੇਲੇ ਤੇ ਰਾਮਪੁਰਾ ਫੂਲ ਅਤੇ ਇਲਾਕੇ ਦੀ ਸੰਗਤ ਤੋਂ ਇਲਾਵਾ ਦੂਰ ਦੇ ਇਲਾਕਿਆਂ ਮਾਨਸਾ, ਭਦੌੜ, ਗੁੰਮਟੀ, ਬਰਨਾਲਾ ਤੋਂ ਵੀ ਸਾਧ ਸੰਗਤ ਪਹੁੰਚੀ ਹੋਈ ਸੀ। ਪ੍ਰਸ਼ਾਦਾ ਪਾਣੀ ਅਤੇ ਜਲੇਬੀਆਂ ਦਾ ਲੰਗਰ ਅਤੁੱਟ ਵਰਤਿਆ। ਅਮਿੱਟ ਯਾਦਾਂ ਛੱਡਦਾ ਇਹ ਵਿਸਾਖੀ ਮੇਲਾ ਯਾਦਗਾਰੀ ਹੋ ਨਿਬੜਿਆ।

–ਹਰਪ੍ਰੀਤ ਕੌਰ ਰਾਮਪੁਰਾ ਫੂਲ (ਬਠਿੰਡਾ)

# ਮੁੰਬਈ ਵਿਖੇ ਬਸੰਤ ਪੰਚਮੀ ਮੇਲਾ



**ਮੁੰਬਈ ਵਿਖੇ ਜਥੇਦਾਰ ਨਿਸ਼ਾਨ ਸਿੰਘ (ਦਿੱਲੀ) ਜਥੇ ਸਮੇਤ ਆਸਾ ਦੀ ਵਾਰ ਦਾ ਕੀਰਤਨ ਕਰਦੇ ਹੋਏ।**

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਦੇ ਨਾਲ ਮੁੰਬਈ ਦੀ ਸਾਧ ਸੰਗਤ ਨੇ 5 ਫਰਵਰੀ 2017 ਨੂੰ ਤੇਂਦੁਲਕਰ ਹਾਲ ਵਿਚ ਬਸੰਤ ਪੰਚਮੀ ਮਨਾਈ। ਦਿੱਲੀ ਤੋਂ ਜਥੇਦਾਰ ਨਿਸ਼ਾਨ ਸਿੰਘ ਉਚੇਚੇ ਪਹੁੰਚੇ।

4 ਫਰਵਰੀ ਨੂੰ ਸਾਧ ਸੰਗਤ ਲੰਗਰ ਤਿਆਰ ਕਰਨ ਲਈ ਧਰਮਸ਼ਾਲਾ ਇਕੱਤਰ ਹੋਈ। ਸਾਰੀ ਸਾਧ ਸੰਗਤ ਨੇ ਸ਼ਰਧਾ ਨਾਲ ਲੰਗਰ ਤਿਆਰ ਕੀਤਾ। ਰਾਤੀਂ ਦਿਵਾਨ ਵੀ ਸਜਾਇਆ ਗਿਆ ਸੀ। 5 ਫਰਵਰੀ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਜਥੇਦਾਰ ਨਿਸ਼ਾਨ ਸਿੰਘ ਨੇ ਆਪਣੇ ਜਥੇ ਦੇ ਨਾਲ ਆਸਾ ਦੀ ਵਾਰ ਲਗਾਈ। ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਇਕੱਤਰ ਸਾਧ ਸੰਗਤ ਨੂੰ ਜਲ ਪਾਣੀ ਛਕਾਇਆ ਗਿਆ। ਤਕਰੀਬਨ 9.30 ਵਜੇ ਸਥਾਨਕ ਖਾਲਸਾ ਸਭਾ ਗੁਰਦੁਆਰੇ ਦੇ ਕੀਰਤਨੀ ਸੇਵਾਦਾਰ ਸੰਤ ਗੁਰਬਚਨ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। 11 ਵਜੇ ਤੋਂ 1 ਵਜੇ ਤਕ ਜਥੇਦਾਰ ਨਿਸ਼ਾਨ ਸਿੰਘ ਨੇ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਦਿਵਾਨ ਲਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਬੀਬੀਆਂ ਅਤੇ ਬੱਚਿਆਂ ਨੇ ਕਵਿਤਾਵਾਂ ਅਤੇ ਸ਼ਬਦ ਪੜ੍ਹੇ। ਲਗਪਗ 4 ਵਜੇ ਪ੍ਰੋਗਰਾਮ ਦੀ ਸਮਾਪਤੀ ਹੋਈ। ਵਿਚਕਾਰ ਸੰਗਤ ਨੇ ਆਪੋ ਆਪਣੇ ਘਰਾਂ ਤੋਂ ਤਿਆਰ ਕਰਕੇ ਲਿਆਂਦਾ ਹੋਇਆ ਲੰਗਰ ਸਾਰੀ ਸੰਗਤ ਵਿਚ ਵਰਤਾਇਆ। ਸਾਰੀ ਸੰਗਤ ਨੇ ਹਰ ਇਕ ਪ੍ਰਕਾਰ ਦੀ ਸੇਵਾ ਬੜੇ ਉਤਸ਼ਾਹ ਨਾਲ ਨਿਭਾਈ।

ਇਸ ਅਵਸਰ ਤੇ ਹੇਠ ਲਿਖੇ ਚਾਰ ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਦਾ ਭੋਗ ਨਾਮਧਾਰੀ ਸੰਗਤ ਮੁੰਬਈ ਵਲੋਂ ਬਸੰਤ ਪੰਚਮੀ ਦੀ ਖੁਸ਼ੀ ਵਿਚ, ਇਕ ਪਾਠ ਦਾ ਭੋਗ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਤੇ ਇਕ ਪਾਠ ਦਾ ਭੋਗ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਸੰਤ ਬਚਨ ਸਿੰਘ ਮਠਾਰੂ ਪਰਿਵਾਰ ਵਲੋਂ, 1 ਪਾਠ ਸੰਤ ਹਰਜੀਤ ਸਿੰਘ ਮਠਾਰੂ (ਪੁੱਤਰ ਸੰਤ ਦਿਵਾਨ ਸਿੰਘ ਮਠਾਰੂ) ਦੀ ਦੇਹ ਅਰੋਗਤਾ ਲਈ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਏਸੇ ਤਰ੍ਹਾਂ ਮੁੰਬਈ ਦੀ ਸਾਧ ਸੰਗਤ ਤੇ ਕਿਰਪਾ ਕਰਦੇ ਰਹਿਣ ਅਤੇ ਬਖਸ਼ਿਸ਼ ਕਰਨ।

## *ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ*

# ਸ. ਜਗਦੀਸ਼ ਸਿੰਘ ਵਰਿਆਮ ਨਮਿਤ ਭੋਗ



ਸ੍ਰੀ ਦਸਮ ਗ੍ਰੰਥ ਦੀ ਬਾਣੀ ਵਿਚ ਆਇਆ ਹੈ

*ਧੰਨ ਜੀਓ ਤਿਹ ਕੋ ਜਗ ਮੈ*
*ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ।*
*ਦੇਹ ਅਨਿੱਤ ਨ ਨਿੱਤ ਰਹੈ*
*ਜਸੁ ਨਾਵ ਚੜੈ ਭਵਸਾਗਰ ਤਾਰੈ।*
*ਧੀਰਜ ਧਾਮ ਬਨਾਇ ਇਹੈ ਤਨ*
*ਬੁੱਧਿ ਸੁ ਦੀਪਕ ਜਿਉ ਉਜੀਆਰੈ।*
*ਗਯਾਨਹਿ ਕੀ ਬਢਨੀ ਮਨਹੁ*
*ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।*

ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨਾਂ ਦੇ ਪਾਲਕ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ, ਨਾਮਧਾਰੀ ਦਰਬਾਰ ਦੇ ਜਨਰਲ ਸੱਕਤਰ, ਕੂਕਾ ਸ਼ਹੀਦ ਯਾਦਗਾਰੀ ਅਤੇ ਸਰਦਾਰਨੀ ਜਸਪਾਲ ਕੌਰ ਟ੍ਰਸਟ ਦੇ ਟ੍ਰਸਟੀ, ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬੀ ਲੇਖਕ ਸਭਾ ਜਲੰਧਰ ਦੇ ਸਾਬਕਾ ਸਕੱਤਰ ਤੇ ਪ੍ਰਧਾਨ, ਆਲ ਇੰਡੀਆ ਸਮਾਲ ਪੇਪਰ ਕੌਂਸਲ ਦੇ ਰੁਕਨ, ਪੰਜਾਬ ਸਰਕਾਰ ਦੇ ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਦੇ ਸਨਮਾਨ ਨਾਲ ਸਨਮਾਨਿਤ, ਖਿੱਲਰੇ ਪੱਤਰੇ ਵਾਰਤਕ ਦੇ ਰਚੈਤਾ, 42 ਸਾਲ ਮਾਸਿਕ ਵਰਿਆਮ ਦੀ ਲੋਅ ਨੂੰ ਪਾਠਕਾਂ ਤੱਕ ਪਹੁੰਚਦੀ ਕਰਨ ਵਾਲੇ ਸ੍ਰ ਜਗਦੀਸ਼ ਸਿੰਘ ਵਰਿਆਮ ਲੰਮੀ ਬਿਮਾਰੀ ਤੋ ਬਾਅਦ 4-3-2017 ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਵਿਖੇ ਆਪਣਿਆਂ ਨੂੰ ਮਿਲ, ਰਾਤ ਸਵਾ ਕੁ ਦੱਸ ਵਜੇ ਨੂੰ ਅਗਲੇ ਸਫਰ ਲਈ ਕੂਚ ਕਰ ਗਏ।

ਉਹਨਾਂ ਦੀ ਦੇਹ ਨੂੰ ਅਗਨੀ ਭੇਂਟ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਹੁਕਮ ਅਤੇ ਗੁਰਸਿੱਖੀ ਮਰਿਆਦਾ ਅਨੁਸਾਰ 5-3-2017 ਨੂੰ ਕੀਤਾ ਗਿਆ। ਜਿਥੇ ਨਾਮਧਾਰੀ ਦਰਬਾਰ, ਸ਼੍ਰੀ ਹਰਿਵਲਭ ਸੰਗੀਤ ਮਹਾਂ ਸਭਾ ਜਲੰਧਰ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਜੀਵਨ ਨਗਰ ਸਾਹਿਤ ਸਭਾ, ਸਰਦਾਰਨੀ ਜਸਪਾਲ ਕੌਰ ਟ੍ਰਸਟ, ਅਤੇ ਨਾਮਧਾਰੀ ਵਿਦਿਅਕ ਜਥੇ ਦੇ ਅਹੁਦੇਦਾਰ, ਸਾਹਿਤਕਾਰ, ਜਥੇਦਾਰ, ਪੱਤਰਕਾਰ, ਸੂਬਾ ਸਾਹਿਬਾਨ, ਭੈਣੀ ਸਾਹਿਬ–ਜਲੰਧਰ–ਲੁਧਿਆਣਾ–ਦਿੱਲੀ–ਸਰਸਾ ਤੋ ਪਹੁੰਚੀ ਸੰਗਤ ਨੇ ਸਿਰ ਨਿਵਾਂ ਕੇ ਉਹਨਾਂ ਦੇ ਅਖੀਰੀ ਸਫਰ ਵਿਚ ਪਰਿਵਾਰ ਦੇ ਜੀਅ ਬਣਕੇ ਸਾਥ ਦਿਤਾ।

ਵਰਿਆਮ ਜੀ ਦੀ ਸੁਗੰਧਿਤ ਯਾਦ ਵਿਚ 11 ਮਾਰਚ 2017 ਨੂੰ ਸ੍ਰੀ ਭੈਣੀ ਸਾਹਿਬ ਦੇ ਹਰੀ ਮੰਦਰ ਵਿਚ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਤੇ ਆਗਿਆ ਅਨੁਸਾਰ ਮੇਲਾ ਅਤੇ ਸ਼ਰਧਾਂਜ਼ਲੀ ਸਮਾਗਮ ਉਹਨਾਂ ਦੀ ਹਜ਼ੂਰੀ ਵਿੱਚ ਹੋਇਆ। ਜਥੇਦਾਰ ਕਮਾਲ ਸਿੰਘ ਨੇ

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ਹ ਕੀ ਕਥਾ ਨਿਰਾਰੀ ਰੇ॥*

ਧਾਰਨ ਨਾਲ ਮੇਲੇ ਦੀ ਸ਼ੁਰੂਆਤ ਕੀਤੀ । ਦੁਪਿਹਰ ਦੇ ਨਿਤਨੇਮ ਦੌਰਾਨ ਸ੍ਰੀ ਸ਼ਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਨੂੰ ਸਰਵਣ ਕੀਤਾ ਗਿਆ। ਨੌਵੇਂ ਮਹੱਲੇ ਦੇ ਸਲੋਕ ਪੜ੍ਹੇ ਗਏ ਅਤੇ ਵਰਿਆਮ ਜੀ ਦੇ ਪਰਿਵਾਰ ਵਲੋਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕਿਆ ਗਿਆ।

ਹਰੀ ਮੰਦਰ ਵਿਚ ਮੌਜੂਦ ਭਰਵੀਂ ਹਾਜਰੀ ਨੂੰ ਸੰਬੋਧਨ ਕਰਦੇ ਹੋਏ ਨਾਮਵਾਰ ਤਹਰੀਕਾਂ ਦੇ ਬੁਲਾਰਿਆਂ ਨੇ ਉਹਨਾਂ ਨੂੰ ਭਰਾ–ਪੂਰਾ, ਸੁਘੜ, ਸੁਜਾਨ, ਸੂਝਵਾਨ, ਧੁਰ ਅੰਦਰ ਤੀਕ ਇਮਾਨਦਾਰ (ਜੋ ਨਾਮਧਾਰੀਆਂ ਤੋਂ ਉਮੀਦ ਕੀਤੀ ਜਾਂਦੀ ਹੈ), ਵੱਡਾ ਛਾਂਦਾਰ ਰੁੱਖ, ਕੋਮਲ ਕਲਾਵਾਂ ਦਾ ਮੁਜ਼ੱਸਮਾ, ਯਾਰਾਂ ਦਾ ਯਾਰ, ਪੇਂਡੂ ਤੇ ਬੁਲਾਰਿਆਂ ਨੂੰ ਲੇਖਕਾਂ ਦੀ ਸਫਾਂ ਵਿੱਚ ਖੜ੍ਹਾ ਕਰਨ ਵਾਲਾ, ਕੱਲ੍ਹ ਅੱਜ ਤੇ ਕੱਲ੍ਹ ਦੀ ਪੀੜ੍ਹੀ ਨਾਲ ਸਹੀ ਤਾਲਮੇਲ ਬਿਠਾਉਣ ਵਾਲਾ, ਨੌਜਵਾਨਾਂ ਨੂੰ ਆਉਣ ਵਾਲੇ ਸਮੇਂ ਦੀ ਜਰੂਰਤ ਲਈ ਸੇਧ ਦੇਣ ਵਾਲਾ, ਨਵੀਂ ਪਨੀਰੀ ਦੀ ਸੰਗੀਤਕ ਸਫਾਂ ਵਿਚ ਉਸਤਾਦੀ ਸ਼ਾਗਿਰਦੀ ਸਮੇਂ ਪੱਕੀ ਗਵਾਹੀ ਪਾਉਣ ਵਾਲਾ, ਆਪਣੇ ਪਰਚੇ ਅਤੇ ਆਪਣੇ ਨਾਂ ਨੂੰ ਗੁਰਬਖਸ਼ ਸਿੰਘ ਪ੍ਰੀਤ ਲੜੀ ਤੋਂ ਬਾਅਦ ਇਕ ਮਿਕ ਕਰਨ ਵਾਲਾ, ਨਵੀਂ ਪੀੜ੍ਹੀ ਨੂੰ ਸੇਧ ਅਤੇ ਹੱਲ੍ਹਾਸ਼ੇਰੀ ਦੇਣ ਵਾਲਾ, ਪੰਜਾਬ ਦੀ ਵੰਡ ਨੂੰ ਖਿੱਲਰੇ ਪੱਤਰੇ ਰਾਹੀਂ ਇਤਿਹਾਸ ਨੂੰ ਸੰਭਾਲਣ ਵਾਲਾ, ਗੈਰਾਂ ਦਾ ਵੀ ਆਪਣਾ, ਪੱਤਰਕਾਰ, ਸਾਹਿਤਕਾਰ, ਸੰਗੀਤਕ ਸੋਝੀ ਦਾ ਸ਼ੈਦਾਈ, ਲੇਖਕ, ਮਾਂ ਬੋਲੀ ਪੰਜਾਬੀ ਅਤੇ ਸਾਫ ਆਬੋ ਹਵਾ ਲਈ ਹੋਕਾ ਦੇਣ ਵਾਲਾ, ਖੁਸ਼ਤਬੀਅਤ ਦੈਵੀ ਦਿੱਖ ਦਾ ਮਾਲਕ ਕਰਾਰ ਦਿੱਤਾ।

ਸ੍ਰ ਵਰਿਆਮ ਸਿੰਘ ਸੰਧੂ ਨੇ ਉਹਨਾਂ ਨੂੰ ਤੇ ਆਪਣੇ ਆਪ ਨੂੰ ਭਰਾਵਾਂ ਦੀ ਉਹ ਜੋੜੀ ਕਿਹਾ ਜਿਸਨੂੰ ਉਹਨਾਂ ਦੇ ਮਾਤਾ ਜੀ ਇਸ ਤਰ੍ਹਾਂ ਸਮਝਦੇ ਸਨ ਕਿ ਰਾਮ–ਲਛਮਣ ਦੀ ਜੋੜੀ ਹੋਵੇ। ਜੇ ਜਗਦੀਸ਼ ਸਿੰਘ ਨੂੰ ਦੇਖ ਲਿਆ ਤਾਂ ਵਰਿਆਮ ਸਿੰਘ ਆਪਣੇ ਆਪ ਹੀ ਨਜ਼ਦੀਕ ਨਜ਼ਰ ਆ ਜਾਏਗਾ।

ਪਦਮ ਸ਼੍ਰੀ ਸੁਰਜੀਤ ਪਾਤਰ ਨੇ ਵਰਿਆਮ ਜੀ ਨੂੰ ਬਸੰਤ ਰੁੱਤ ਤੋਂ ਸੰਤ ਰੁੱਤ ਤੇ ਫੇਰ ਅਨੰਤ ਰੁੱਤ ਕਹਿ ਕੇ ਹਾਜ਼ਰ ਸੰਗਤਾਂ ਨੂੰ ਉਹਨਾਂ ਦੀ ਸ਼ਖਸੀਅਤ ਨਾਲ ਜਾਣੂ ਕਰਵਾਇਆ।

ਸ਼੍ਰੀ ਵਰਿੰਦਰ ਸ਼ਰਮਾ (IAS), ਸ਼੍ਰੀ ਮਨਦੀਪ ਸਿੰਘ ਜਲੋਟਾ (IRS) ਅਤੇ ਸ਼੍ਰੀ ਕੇ ਕੇ ਗਰਗ (Ex PCS) ਹੁਰਾਂ ਨੇ ਵੀ ਪਰਿਵਾਰ ਨਾਲ ਸੰਵੇਦਨਾ ਪਰਗਟ ਕੀਤੀ।

ਸੂਬਾ ਬਲਵਿੰਦਰ ਸਿੰਘ ਝੱਲ ਨੇ ਸਮਾਗਮ ਦੌਰਾਨ ਅਰਦਾਸ ਕੀਤੀ। ਨਾਮਧਾਰੀ ਦਰਬਾਰ, ਸ਼੍ਰੀ ਹਰਿਵਲਭ ਸੰਗੀਤ ਮਹਾਂ ਸਭਾ ਜਲੰਧਰ, ਪੰਜਾਬੀ ਯੁਨੀਵਰਸੀਟੀ ਪਟਿਆਲਾ,ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਜੀਵਨ ਨਗਰ ਸਾਹਿਤ ਸਭਾ, ਸਰਦਾਰਨੀ ਜਸਪਾਲ ਕੌਰ ਟ੍ਰਸਟ, ਲੇਖਕ ਮੰਚ ਸਮਰਾਲਾ ਅਤੇ ਨਾਮਧਾਰੀ ਵਿਦਿਅਕ ਜਥੇ ਦੇ ਅਹੁਦੇਦਾਰ, ਸਾਹਿਤਕਾਰ, ਜਥੇਦਾਰ, ਪੱਤਰਕਾਰ, ਸੂਬਾ ਸਾਹਿਬਾਨ, ਭੈਣੀ ਸਾਹਿਬ–ਜਲੰਧਰ–ਲੁਧਿਆਣਾ–ਦਿੱਲੀ–ਸਰਸਾ ਅਤੇ ਦੇਸ਼ ਵਿਦੇਸ਼ ਆਦਿ ਥਾਵਾਂ ਤੋ ਦੋਸਤ ਮਿੱਤਰ ਅਤੇ ਰਿਸ਼ਤੇਦਾਰ ਸ਼ਰਧਾਂਜਲੀ ਸਮਾਗਮ ਵਿਚ ਪਹੁੰਚੇ।

ਸਟੇਜ ਸੱਕਤਰ ਸ੍ਰ ਗੁਰਭੇਜ ਸਿੰਘ ਗੁਰਾਇਆ ਨੇ ਸਟੇਜ ਦੀ ਸੁਚਾਰੂ ਵਿਉਂਤਬੰਦੀ ਕੀਤੀ।

ਸ਼ਰਧਾਂਜਲੀ ਸਮਾਗਮ ਤੋ ਬਾਅਦ ਹਜੂਰੀ ਰਾਗੀਆਂ ਨੇ ਸੰਤ ਹਰਬੰਸ ਸਿੰਘ ਘੁੱਲਾ ਦੀ ਅਗਵਾਈ ਵਿਚ ਇਹ ਸ਼ਬਦ ਗਾਇਨ ਕੀਤਾ

*ਸੇਵਕ ਕੀ ਓੜਕਿ ਨਿਭਹੀ ਪ੍ਰੀਤਿ॥*
*ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥*

ਪਰਵਾਰ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।

–ਤੇਜਵੰਤ ਸਿੰਘ ਸੱਗੂ (ਰਾਣਾ)

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸ. ਜਗਦੀਸ਼ ਸਿੰਘ ਵਰਿਆਮ ਨਮਿਤ 11 ਮਾਰਚ, 2017 ਨੂੰ ਮੇਲੇ ਸਮੇਂ ਪਰਵਾਰ ਆਪ ਜੀ ਨੂੰ ਨਤਮਸਤਕ ਹੁੰਦਾ ਹੋਇਆ । (ਰਿਪੋਰਟ ਸਫ਼ਾ 7 'ਤੇ)





ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ, ਨਵੀਂ ਦਿੱਲੀ, ਵਿਖੇ ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿਤ੍ਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਆਪ ਜੀ ਦੀ ਹਜ਼ੂਰੀ ਵਿੱਚ ਰਾਗੀ ਸਾਜਨ ਸਿੰਘ ਜਥੇ ਸਮੇਤ ਤੰਤੀ ਸਾਜਾਂ ਨਾਲ ਆਸਾ ਦੀ ਵਾਰ ਦਾ ਕੀਰਤਨ ਕਰਦੇ ਹੋਏ –24.4.2017



ਸ੍ਰੀ ਸਤਿਗੁਰੂ ਜੀ ਨੇ ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ ਪੰਡਤ ਹਰਭਜਨ ਸਿੰਘ ਖੰਡੂਵਾਲੀਆਂ ਨੂੰ ਬਖ਼ਸ਼ਸ਼ ਕਰਨ ਦੀ ਕਿਰਪਾ ਕੀਤੀ। ਇਸ ਅਵਸਰ ਤੇ ਮਾਸਟਰ ਨਿਹਾਲ ਸਿੰਘ ਜੀ ਦੇ ਦੋਵੇਂ ਸਪੁੱਤਰ ਸੰਤ ਮਨਮੋਹਨ ਸਿੰਘ, ਸੰਤ ਚਰਨਜੀਤ ਸਿੰਘ ਨਾਲ ਹਨ ।



ਸ੍ਰੀ ਸਤਿਗੁਰੂ ਜੀ ਨੂੰ ਪ੍ਰੋ. ਤਾਰਾ ਸਿੰਘ ਅਨਜਾਣ ਦੀ ਲਿਖੀ ਪੁਸਤਕ 'ਨਾਮਧਾਰੀ ਇਤਿਹਾਸ ਸੰਖੇਪ' ਭੇਟ ਕਰਦੇ ਹੋਏ ਸ. ਰਣਜੀਤ ਸਿੰਘ (ਆਰਸੀ ਪਬਲੀਸ਼ਰਜ)। ਨਾਲ ਹਨ ਸ. ਹਰਵਿੰਦਰ ਸਿੰਘ ਹੰਸਪਾਲ ।



ਕਨੇਡਾ ਵਿਖੇ ਵਿਸਾਖੀ ਮੇਲੇ ਸਮੇਂ ਬੁਲਾਰਿਆਂ ਨੂੰ ਸਨਮਾਨਿਤ ਕਰਨ ਉਪਰੰਤ ਨਾਮਧਾਰੀ ਸੰਗਤ ਟਰਾਂਟੋ ਦੇ ਮੁਖੀ ਸੱਜਣਾਂ ਨਾਲ ਖੱਬੇ ਤੋਂ ਸੱਜੇ ਪ੍ਰੋ. ਜਗਮੋਹਨ ਸਿੰਘ (ਭਾਂਜੇ ਸ਼ਹੀਦ ਭਗਤ ਸਿੰਘ), ਸੂਬਾ ਗੁਰਦਿਆਲ ਸਿੰਘ, ਸ. ਮਲੂਕ ਸਿੰਘ ਕਾਹਲੋਂ, ਸ. ਸੁਰਿੰਦਰ ਸਿੰਘ ਵਿਰਦੀ, ਸੂਬਾ ਰੇਸ਼ਮ ਸਿੰਘ, ਸ. ਬਲਵਿੰਦਰ ਸਿੰਘ ਗਰੇਵਾਲ, ਸ. ਪੂਰਨ ਸਿੰਘ ਪਾਂਧੀ, ਸ. ਹਰਪਾਲ ਸਿੰਘ ਕੱਲ੍ਹਾ, ਸ. ਹਰਜਿੰਦਰ ਸਿੰਘ, ਸ. ਹਰਜੀਤ ਸਿੰਘ, ਸ. ਅਜੀਤ ਸਿੰਘ ਬਡਵਾਲ ਅਤੇ ਸੰਤ ਅਜੀਤ ਸਿੰਘ ਲਾਇਲ ।



ਹੋਲਾ ਮਹੱਲਾ 2017 (ਸ੍ਰੀ ਭੈਣੀ ਸਾਹਿਬ) ਦੀ ਸੇਵਾ ਕਰਵਾਉਣ ਵਾਲੇ ਬੀਬੀ ਹਰਪਾਲ ਕੌਰ ਦਾ ਕਨੇਡਾ ਵਿਖੇ ਸਨਮਾਨ ਕਰਦੇ ਹੋਏ ਬੀਬੀ ਜਸਬੀਰ ਕੌਰ ਅਤੇ ਬੀਬੀ ਹਰਜਿੰਦਰ ਕੌਰ (ਰਾਣੀ) ।


| Subscriber's Address | Type setting by: CADCON<br>Designed by : Jaswant Graphics | ਇਕ ਪ੍ਰਤੀ : ਪੰਜ ਰੁਪਈਏ<br>ਇਕ ਸਾਲ : ਦੇਸ – 250 ਰੁਪਈਏ, ਪ੍ਰਦੇਸ – 30 ਪੌਂਡ<br>ਪੰਜ ਸਾਲ : ਦੇਸ – 1000 ਰੁਪਈਏ, ਪ੍ਰਦੇਸ – 120 ਪੌਂਡ | ਦਿੱਲੀ<br>ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.44 ਮਿੰਟ<br>ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.54 ਮਿੰਟ |
|---|---|---|---|

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 10 of 27 April 2017